ਮਾਸਿਕ ਪੱਤਰ

੧ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

੧੧੮ਵੀਂ
ਜਨਮ
ਸ਼ਤਾਬਦੀ
ਨਾਰੰਗਵਾਲ
ਵਿਖੇ
3 ਤੋਂ 7
ਜੁਲਾਈ,
੧੯੯੬

**JULY 1996**



ਭਾਈ
ਸਾਹਿਬ
ਭਾਈ
ਰਣਧੀਰ
ਸਿੰਘ
ਜੀ

ਜੁਲਾਈ
੧੯੯੬

MONTHLY **SURA** LUDHIANA

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤੱਤਕਰਾ


| | | | |
|---|---|---|---|
| ੧. ਉਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ | ੧ | ੧੦. ਜੈਤਸਰੀ ਕੀ ਵਾਰ (੨) | ੨੪ |
| ੨. ਅਰਥ ਵਿਆਖਿਆ | ੨ | ੧੧. ਸਾਰੇ ਫਿਕਰ ਅੰਦੇਸੇ ਹੀ ਮੁਕਾ ਦੇ (ਕਵਿਤਾ) | ੨੬ |
| ੩. ਵਾਹਿਗੁਰੂ ਸਿਮਰਨ | ੪ | ੧੨. ਮੇਰੀ ਪਹਿਲੀ ਮਿਲਣੀ | ੨੭ |
| ੪. ਦੇਹੋ ਬਿਦੇਹ | ੮ | ੧੩. ਗੁਸਾਈ ਦੇ ਪਹਿਲਵਾਨੜੇ | ੨੯ |
| ੫. ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੧੦ | ੧੪. ਮੀਰ ਮੰਨੂੰ | ੩੦ |
| ੬. ਧਰਮ ਧੁਜਾ ਅਰਜੁਨੁ ਹਰਿ ਭਗਤਾ | ੧੨ | ੧੫. Healing Through Prayer | ੩੧ |
| ੭. ਸੂਰਜ ਕਿਰਣਿ ਮਿਲੇ | ੧੫ | ੧੬. ਮਸੰਦ ਪ੍ਰਥਾ | ੩੪ |
| ੮. ਜਪਿ ਗੁਰ ਗੋਪਾਲ ਪ੍ਰਭੁ ਸੋਈ | ੧੮ | ੧੭. ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਕੀਰਤਨ ਸ਼ੈਲੀ | ੩੮ |
| ੯. ਸਿੱਖੀ ਭੇਸ ਵਿਚ ਲੁਟੇਰੇ | ੨੨ | | |


## ਗੁਰਪੁਰਬ ਤੇ ਇਤਿਹਾਸਿਕ ਦਿਹਾੜੇ

ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ ੨੬ ਜੁਲਾਈ — ਜਨਮ ਸਾਹਿਬਜ਼ਾਦਾ ਜੋਰਾਵਰ ਸਿੰਘ ੨੭ ਜੁਲਾਈ

## ਪਾਠਕਾਂ ਪ੍ਰਤੀ ਅਤਿ ਜ਼ਰੂਰੀ ਬੇਨਤੀ

੧. ਕਿਸੇ ਵੀ ਕਿਸਮ ਦੇ ਚਿੱਠੀ ਪੱਤਰ ਆਦਿ ਕਰਨ ਵੇਲੇ ਆਪਣਾ ਪੂਰਾ ਪਤਾ ਤੇ ਚਿੱਟ ਨੰਬਰ ਜ਼ਰੂਰ ਲਿਖੋ ਜੀ। ੨. ਚੈਂਕ, ਡਰਾਫ਼ਟ ਆਦਿ ਭੇਜਣ ਵੇਲੇ ਅਲੱਗ ਚਿੱਠੀ ਰਾਹੀ ਆਪਣਾ ਪਤਾ, ਚਿੱਟ ਨੰਬਰ ਤੇ ਮਾਇਆ ਭੇਜਣ ਦੇ ਮਨੋਰਥ ਬਾਰੇ ਲਿਖੋ ਜੀ। ੩. ਮਨੀਆਰਡਰ ਫ਼ਾਰਮ ਉੱਤੇ ਸੰਦੇਸ਼ ਵਾਲੀ ਥਾਂ ਤੇ ਆਪਣਾ ਪੂਰਾ ਪਤਾ, ਚਿੱਟ ਨੰਬਰ, ਮਾਇਆ ਦੀ ਗਿਣਤੀ ਤੇ ਭੇਜਣ ਦਾ ਮਨੋਰਥ ਜ਼ਰੂਰ ਲਿਖੋ ਜੀ।

—ਸੰਪਾਦਕ

**'SURA' March, 96 — Errata**

i) Page 33,12th line from bottom: Col. No. 1 — FUTILITY Instead of 'facility'

ii) Page 33,24th line in col.No.2: AFFLICTIONS instead of affections

iii) Page 34, 14th line col.No 1: PROVIDER instead of provide

iv) Page 34,12th line in Col. No. 2 : SELF-CONCEIT instead of Self-conseit

## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ।

੧. ਲੁਧਿਆਣਾ – ੧. ਮੁੱਖ ਦਫ਼ਤਰ "ਸੂਰਾ" – ਕੋਠੀ ਨੰ: ੧੨, ਬਲਾਕ ਆਈ., ਭਾਈ ਰਣਧੀਰ ਸਿੰਘ ਨਗਰ।
੨. ਸਬ ਆਫਿਸ "ਸੂਰਾ" – ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨ ਜਲੰਧਰ –ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ।
੪ ਪਟਿਆਲਾ –ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁ: ਦੁਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ – ਭਾਈ ਵਰਿੰਦਰ ਸਿੰਘ ਜੀ, ੫੩੩/੩ –ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ – ਭਾਈ ਚਰਨਪਾਲ ਸਿੰਘ।
੭. ਸਾਰੇ ਸਮਾਗਮਾਂ ਸਮੇ – ਭਾਈ ਬਲਵੰਤ ਸਿੰਘ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰ, ਫ਼ਿਰੋਜ਼ਪੁਰ ਸ਼ਹਿਰ।
੮ ਬਠਿੰਡਾ – ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫੋਨ: ੨੪੩੪੮, ੨੧੬੮੧
੧੦. ਅੰਮ੍ਰਿਤਸਰ –ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ: ੪੫੫੭੮੭, ਘਰ: ੨੩੧੫੨੦.
੧੧. ਯਮੁਨਾਨਗਰ – ਸ੍ਰ: ਪ੍ਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ, ਪਿੰਨ ਕੋਡ– ੧੩੫੦੦੧, ਫੋਨ: ੨੬੨੧੭.
੧੨ ਸੰਗਰੂਰ – ੧. ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩ ਫਗਵਾੜਾ – ਮਾਸਟਰ ਗੁਰਦਿਆਲ ਸਿੰਘ ਜੀ, ੫੫੩, ਮੁਹੱਲਾ ਡੱਬਿਆਂ, ਚੋੜਾ ਖੂਹ, ਨੇੜੇ ਗੁ: ਪਾ: ੬

ਸੂਚਨਾ – ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧ ਇੰਗਲੈਂਡ–ਭਾਈ ਗੁਰਨਾਮ ਸਿੰਘ ਜੀ 10- Lambourne Gardens, Earley Reading, Berks U.K. Tel. 01734-267900.
੨ ਅਮਰੀਕਾ–ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩ ਕੈਨੇਡਾ–ਭਾਈ ਰਿਪੁਦਮਨ ਸਿੰਘ ਜੀ ਮਲਿਕ, ਫ਼ੋਨ : ੧੮੦੦੬੬੩੦੨੨੪.
੪ ਆਸਟਰੇਲੀਆ–ਭਾਈ ਪਰਸ਼ੋਤਮ ਸਿੰਘ ਜੀ, ਫ਼ੋਨ : ੦੬੧੮੬੩੪੮੪੧.
੫. ਨੀਊਜ਼ੀਲੈਂਡ–ਭਾਈ ਪਿਆਰਾ ਸਿੰਘ ਜੀ ਫ਼ੋਨ : ੦੬੯੨੭੬੪੩੨੨.

ਸ: ਸੁਬੇਗ ਸਿੰਘ ਆਸਟਰੇਲੀਆ ਦਾ ਨਵਾਂ ਪਤਾ :
7. VICTORIA ST. REVESBY N.S.W. SYDNEY, AUSTRALIA
Post Code-2212 Telephone Mobile 015222737 (Local (02) 7712413

**ਅਮਾਨਤੀ ਵਾਧਾ ਜਮ੍ਹਾਂ ਕਰਵਾਉਣ ਲਈ ਬੇਨਤੀ**

ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ 'ਸੂਰਾ' ਦੀ ਅਮਾਨਤੀ ਲਾਈਫ਼ ਮੈਂਬਰਸ਼ਿਪ ੩੦੦ ਰੁ ਪੂਰੀ ਕਰਨ ਲਈ ਜਿਨ੍ਹਾਂ ਪਾਠਕਾਂ ਦੇ ੫੦/–, ੧੦੦, ੧੫੦/–ਇਤਿਆਦਿ ਬਕਾਇਆ ਰਹਿੰਦੇ ਹਨ ਉਹ ਕ੍ਰਿਪਾ ਕਰਕੇ ਜਲਦੀ ਤੋਂ ਜਲਦੀ 'ਸੂਰਾ' ਦਫਤਰ ਭੇਜ ਦੇਣ ਤਾਂ ਜੋ ਇਹ ਪਰਚਾ ਉਨ੍ਹਾਂ ਤੱਕ ਨਿਰਵਿਘਨ ਪਹੁੰਚਦਾ ਰਹੇ। ਇਸੇ ਤਰ੍ਹਾਂ ਹੀ ਵਿਦੇਸ਼ੀ ਪਾਠਕ ਵੀ ਆਪਣਾ ਬਕਾਇਆ ਭੇਜਣ ਦੀ ਕ੍ਰਿਪਾ ਕਰਨ ਜੀ। ਮੌਜੂਦਾ ਚੰਦੇ ਪੰਨਾ ੧ ਤੇ ਲਿਖੇ ਹੋਏ ਹਨ।

– ਸੰਪਾਦਕ


ਡਿਜ਼ਾਈਨ ਕਰਾਫਟ, ਗਿੱਲ ਰੋਡ, ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵੱਲੋਂ ੧੨–ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

ਕੰਪਿਊਟਰ ਟਾਈਪ ਸੈਟਿੰਗ-ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ।


# ਸੂਰਾ

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੩੦ ਜੁਲਾਈ-੧੯੯੬ ਅੰਕ ੭



| ਸਾਲਾਨਾ ਚੰਦਾ | | (ਪ੍ਰਦੇਸ ਸਾਰੇ) ਸਾਲਾਨਾ ਚੰਦਾ | |
|---|---|---|---|
| ਦੇਸ਼ | 30-00 | ਸਮੁੰਦਰੀ ਡਾਕ | 100-00 |
| ਇੱਕ ਪਰਚਾ | 3-00 | ਹਵਾਈ ਡਾਕ | 300-00 |

Foreign Subscription

| | | | |
|---|---|---|---|
| Sea Mail | 100-00 | Air Mail | 300-00 |
| ਅਮਾਨਤੀ ਲਾਈਫ਼ ਮੈਂਬਰ | | ਪਰਦੇਸ ਸਮੁੰਦਰੀ ਡਾਕ | 1,000-00 |
| ਦੇਸ਼ | 300-00 | ਹਵਾਈ ਡਾਕ | 3,000-00 |


ਊਠਤ ਬੈਠਤ ਸੋਵਤ ਧਿਆਈਐ।। ਮਾਰਗਿ ਚਲਤ ਹਰੇ ਹਰਿ ਗਾਈਐ।।੧।।
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ।। ਜਾਸੁ ਸੁਨੀ ਮਨਿ ਹੋਇ ਅਨੰਦਾ,
ਦੂਖ ਰੋਗ ਮਨ ਸਗਲੇ ਲਥਾ।।੧।। ਰਹਾਉ।। (ਆਸਾ ਮ: ੫, ਪੰਨਾ ੩੮੬)

## ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ।।

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ।।
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ।।
ਆਗੈ ਦਰਗਹਿ ਕਾਮਿ ਨ ਆਵੈ, ਛੋਡਿ ਚਲੈ ਅਭਿਮਾਨੀ।।੧।।
ਕਾਹੇ ਏਕ ਬਿਨਾ ਚਿਤੁ ਲਾਈਐ।।
ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ।।੧।।ਰਹਾਉ।।
ਮਹਾ ਬਚਿਤ੍ਰ ਸੁੰਦਰ ਆਖਾੜੇ, ਰਣ ਮਹਿ ਜਿਤੇ ਪਵਾੜੇ।।
ਹਉ ਮਾਰਉ ਹਉ ਬੰਧਉ ਛੋਡਉ, ਮੁਖ ਤੇ ਏਵ ਬਬਾੜੇ।।
ਆਇਆ ਹੁਕਮੁ ਪਾਰਬ੍ਰਹਮ ਕਾ, ਛੋਡਿ ਚਲਿਆ ਏਕ ਦਿਹਾੜੇ।।੨।।
ਕਰਮ ਧਰਮ ਜੁਗਤਿ ਬਹੁ ਕਰਤਾ, ਕਰਣੈਹਾਰੁ ਨ ਜਾਨੈ।।
ਉਪਦੇਸੁ ਕਰੈ, ਆਪਿ ਨ ਕਮਾਵੈ, ਤਤੁ ਸਬਦੁ ਨ ਪਛਾਨੈ।।
ਨਾਂਗਾ ਆਇਆ ਨਾਂਗੋ ਜਾਸੀ, ਜਿਉ ਹਸਤੀ ਖਾਕੁ ਛਾਨੈ।।੩।।
ਸੰਤ ਸਜਨ ਸੁਨਹੁ ਸਭਿ ਮੀਤਾ, ਝੂਠਾ ਏਹੁ ਪਸਾਰਾ।।
ਮੇਰੀ ਮੇਰੀ ਕਰਿ ਕਰਿ ਡੂਬੇ, ਖਪਿ ਖਪਿ ਮੁਏ ਗਵਾਰਾ।।
ਗੁਰ ਮਿਲਿ ਨਾਨਕ ਨਾਮੁ ਧਿਆਇਆ, ਸਾਚਿ ਨਾਮਿ ਨਿਸਤਾਰਾ।।੪।।੧।।੩੮।।

(ਆਸਾ ਘਰੁ ੩ ਮਹਲਾ ੫, ਪੰਨਾ ੩੭੯)

ਪਦ ਅਰਥ :- ਮਿਲਕ-ਜ਼ਮੀਨ ਦੀ ਮਾਲਕੀ। ਗ੍ਰਿਹ-ਘਰ। ਰੂਪਵੰਤ-ਰੂਪ ਵਾਲਾ। ਜੋੁਆਨੀ-ਅਸਲ ਸ਼ਬਦ 'ਜੁਆਨੀ' ਹੈ ਪਰ ਇੱਥੇ 'ਜੋਆਨੀ' ਪੜ੍ਹਨਾ ਹੈ। ਦਰਬੁ-ਧਨ। ਹਸਤੀ-ਹਾਥੀ। ਲਾਲ-ਹੀਰੇ। ਬੈ-ਮੁੱਲ ਖਰੀਦ ਕੇ। ਆਨੀ-ਲੈ ਆਂਦੇ। ਕਾਮਿ-ਕੰਮ ਵਿੱਚ। ਅਭਿਮਾਨੀ-ਹੰਕਾਰੀ।।੧।।

ਬਚਿਤ੍ਰ-ਅਸਚਰਜ, ਹੈਰਾਨਕੁੰਨ। ਸੁੰਦਰ-ਸੋਹਣੇ। ਅਖਾੜੇ-ਪਿੜ। ਰਣ-ਯੁੱਧ, ਜੰਗ। ਜਿਤੇ-ਜਿੱਤ ਲਏ। ਪਵਾੜੇ -ਝਗੜੇ। ਬੰਧਉ-ਬੰਧਉਂ, ਮੈਂ ਬੰਨ੍ਹਦਾ ਹਾਂ। ਏਵ-ਇਸ ਤਰ੍ਹਾਂ। ਬਬਾੜੇ-ਬਕਦਾ ਹੈ, ਬੜਬੋਲਦਾ ਹੈ। ਦਿਨ-ਦਿਹਾੜੇ।੨।

ਜੁਗਤਿ ਬਹੁ-ਬਹੁਤ ਜੁਗਤੀਆਂ ਨਾਲ, ਅਨੇਕ ਤਰੀਕਿਆਂ ਨਾਲ। ਕਰਣੈਹਾਰੁ-ਕਰਤਾ ਪੁਰਖ, ਵਾਹਿਗੁਰੂ। ਖਾਕੁ-ਮਿੱਟੀ।੩।

ਝੂਠਾ-ਨਾਸਵੰਤ। ਪਸਾਰਾ-ਖਿਲਾਰਾ। ਖਪਿ ਖਪਿ-ਖੁਆਰ ਹੋ ਹੋ ਕੇ। ਗਵਾਰਾ-ਮੂਰਖ। ਨਿਸਤਾਰਾ -ਪਾਰੁ ਉਤਾਰਾ।੪।




www.AKJ.Org

# ਅਰਥ ਵਿਆਖਿਆ

ਅਰਥ :- ਇੱਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਨਾਲ ਚਿੱਤ ਕਿਉਂ ਲਾਇਆ ਜਾਏ ? ਉਠਦਿਆਂ, ਬੈਠਦਿਆਂ, ਸੁੱਤਿਆਂ, ਜਾਗਦਿਆਂ ਸਦਾ ਹੀ, ਹਮੇਸ਼ਾਂ ਹੀ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ।੧। ਰਹਾਉ।

ਹਕੂਮਤ (ਰਾਜ), ਜ਼ਮੀਨ ਦੀ ਮਾਲਕੀ, ਜੋਬਨ, ਘਰ, ਇੱਜ਼ਤ ਮਾਣ (ਸੋਭਾ), ਸੁਹੱਪਣ (ਸੁੰਦਰਤਾ), ਜੁਆਨੀ, ਬਹੁਤ ਧਨ, ਹਾਥੀ ਅਤੇ ਘੋੜੇ ਮਨੁੱਖ ਦੇ ਕੋਲ ਹੋਣ, ਜੇ ਲੱਖਾਂ ਰੁਪਏ ਖਰਚ ਕੇ ਕੀਮਤੀ ਲਾਲ ਮੁੱਲ ਲੈ ਆਵੇ ਤੇ ਇਨ੍ਹਾਂ ਵਸਤਾਂ ਦਾ ਮਾਣ ਕਰਦਾ ਰਹੇ, ਪਰ ਅਗਾਂਹ ਰੱਬ ਦੀ ਦਰਗਾਹ ਵਿੱਚ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਕੰਮ ਨਹੀਂ ਆਉਂਦੀ। ਇਨ੍ਹਾਂ ਪਦਾਰਥਾਂ ਦਾ ਮਾਣ ਕਰਨ ਵਾਲਾ ਮਨੁੱਖ ਸਭ ਕੁੱਝ ਇੱਥੇ ਹੀ ਛੱਡ ਕੇ ਇਥੋਂ ਚੱਲ ਪੈਂਦਾ ਹੈ।੧।

ਜੇ ਕੋਈ ਮਨੁੱਖ ਬੜੇ ਅਸਚਰਜ ਸੋਹਣੇ ਪਿੜ (ਘੋਲ) ਜਿੱਤਦਾ ਹੈ, ਜੇ ਉਹ ਰਣਭੂਮੀ ਵਿੱਚ ਜਾ ਕੇ ਬੜੇ ਬੜੇ ਝਗੜੇ-ਲੜਾਈਆਂ ਜਿੱਤ ਲੈਂਦਾ ਹੈ ਤੇ ਆਪਣੇ ਮੂੰਹੋਂ ਇਉਂ ਅਰਲ ਬਰਲ ਭੀ ਬੋਲਦਾ ਹੈ ਕਿ ਮੈਂ ਵੈਰੀਆਂ ਨੂੰ ਮਾਰ ਸਕਦਾ ਹਾਂ, ਜੇ ਚਾਹਾਂ ਤਾਂ ਉਨ੍ਹਾਂ ਨੂੰ ਕੈਦ ਵਿੱਚੋਂ ਛੱਡ ਵੀ ਸਕਦਾ ਹਾਂ, ਤਾਂ ਭੀ ਕੀ ਹੋਇਆ ? ਆਖਰ ਇੱਕ ਦਿਨ ਅਕਾਲ ਪੁਰਖ ਦਾ ਹੁਕਮ ਆਉਂਦਾ ਹੈ, ਇਹ ਸਭ ਕੁੱਝ ਛੱਡ ਕੇ ਇੱਥੋਂ ਤੁਰ ਪੈਂਦਾ ਹੈ।੨।

ਜੇ ਕੋਈ ਮਨੁੱਖ ਲੋਕ ਦਿਖਾਵੇ ਲਈ ਅਨੇਕ ਪ੍ਰਕਾਰ ਦੇ ਮਿਥੇ ਹੋਏ ਧਾਰਮਿਕ ਕੰਮ ਕਰਦਾ ਹੋਵੇ ਪਰ ਕਰਤਾ-ਪੁਰਖ ਨੂੰ ਨਾ ਪਛਾਣੇ, ਜੇ ਹੋਰਨਾਂ ਨੂੰ ਤਾਂ ਧਰਮ ਦਾ ਉਪਦੇਸ਼ ਕਰਦਾ ਫਿਰੇ ਪਰ ਆਪ ਉਸ ਤੇ ਅਮਲ ਨਾ ਕਰੇ ਤੇ ਗੁਰ-ਸ਼ਬਦ (ਗੁਰਬਾਣੀ) ਦੀ ਤੱਤਸਾਰ ਨਾ ਸਮਝੇ ਤਾਂ ਉਹ ਖਾਲੀ ਹੱਥ ਸੰਸਾਰ ਵਿੱਚ ਆਉਂਦਾ ਹੈ ਤੇ ਖਾਲੀ ਹੱਥ ਹੀ ਇੱਥੋਂ ਤੁਰ ਪੈਂਦਾ ਹੈ ਜਿਵੇਂ ਹਾਥੀ ਇਸ਼ਨਾਨ ਕਰਕੇ ਫਿਰ ਆਪਣੇ ਉੱਤੇ ਮਿੱਟੀ ਪਾ ਲੈਂਦਾ ਹੈ।੩।

ਹੇ ਸੰਤ ਜਨੋ ! ਹੇ ਸੱਜਣੋ ! ਹੇ ਮਿੱਤਰੋ ! ਸਾਰੇ ਸੁਣ ਲਵੋ, ਇਹ ਸਾਰਾ ਸੰਸਾਰਕ ਖਿਲਾਰਾ ਨਾਸ਼ਵੰਤ ਹੈ। ਜਿਹੜੇ ਮੂਰਖ ਹਮੇਸ਼ਾਂ ਮੈਂ ਮੇਰੀ ਵਿੱਚ ਰੁੱਝੇ ਰਹੇ ਕਿ ਇਹ ਮੇਰੀ ਮਾਇਆ ਹੈ, ਇਹ ਮੇਰੀ ਜਾਇਦਾਦ ਹੈ, ਉਹ ਮਾਇਆ-ਮੋਹ ਦੇ ਸਮੁੰਦਰ ਵਿੱਚ ਡੁੱਬੇ ਰਹੇ ਤੇ ਖੁਆਰ ਹੋ ਹੋ ਮਰਦੇ ਰਹੇ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨਾਨਕ ਮੋਹਰ ਛਾਪ ਹੇਠ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਸਤਿਗੁਰੂ ਨੂੰ ਮਿਲ ਕੇ ਪ੍ਰਭੂ ਦਾ ਨਾਮ ਸਿਮਰਿਆ, ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਨਾਮ ਵਿੱਚ ਜੁੜ ਕੇ ਇਸ ਸੰਸਾਰ-ਸਮੁੰਦਰ ਤੋਂ ਉਸ ਦਾ ਪਾਰ ਉਤਾਰਾ ਹੋ ਗਿਆ।੪।੧।੩੮।

ਵਿਆਖਿਆ :- ਮਹਿਲ ਮਾੜੀਆਂ, ਹਾਥੀ ਘੋੜੇ, ਧਨ ਜੋਬਨ, ਮਾਲ ਅਸਬਾਬ, ਜ਼ਮੀਨਾਂ, ਮੁਲਕ, ਬਾਦਸ਼ਾਹੀਆਂ, ਉੱਚੇ ਰੁਤਬੇ, ਦੁਨੀਆਂ ਦੇ ਮੌਜ ਮੇਲੇ, ਸੈਰ ਸਪਾਟੇ, ਰੰਗ ਤਮਾਸ਼ੇ ਆਦਿ ਮਾਇਆ ਦਾ ਹੀ ਪਸਾਰਾ ਹੈ। ਇਹ ਨਿਗੂਣੇ ਸੁਆਦ ਹੀ ਪੈਦਾ ਕਰਦੇ ਹਨ। ਜੀਭ ਦਾ ਸੁਆਦ, ਦੇਖਣ, ਸੁਣਨ, ਸੁੰਘਣ ਤੇ ਸਪਰਸ਼ ਦਾ ਸੁਆਦ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਕਾਮਾਦਿਕ ਵੈਰੀਆਂ ਦੇ ਦਬੇਲ ਹੀ ਬਣਾਉਂਦੇ ਹਨ, ਗੁਲਾਮੀ ਦੀਆਂ ਜ਼ੰਜ਼ੀਰਾਂ ਵਿੱਚ ਹੀ ਜਕੜਦੇ ਹਨ ਅਤੇ ਸਦੀਵੀ ਅਨੰਦ ਖੇੜੇ ਦੇ ਮਾਰਗ ਤੇ ਜਾਣੋਂ ਰੋਕਦੇ ਹਨ। ਮਾਇਆ ਦੀ ਜਕੜ ਸਾਨੂੰ 'ਮੈਂ ਮੇਰੀ' ਦੇ ਭੂਕਨੇ ਹੀ ਬਣਾਉਂਦੀ ਹੈ, ਹਉਮੈ ਰੋਗ ਹੀ ਪੈਦਾ ਕਰਦੀ ਹੈ, ਅਨੰਦ-ਪੁਰੀ ਤੋਂ ਧੂ ਕੇ ਗੰਦਗੀ ਦੇ ਟੋਇਆਂ ਵਿੱਚ ਹੀ ਸੁੱਟਦੀ ਹੈ, ਆਤਮਕ ਅਨੰਦ ਨੂੰ ਨਸ਼ਟ ਕਰ ਕੇ ਮਾਨਸਕ ਤੇ ਸਰੀਰਕ ਰੋਗ ਹੀ ਪੈਦਾ ਕਰਦੀ ਹੈ, ਟਹਿਕਦੀ ਜੁਆਨੀ ਨੂੰ ਬੁਢੇਪੇ ਵਿੱਚ ਹੀ ਬਦਲਦੀ ਹੈ, ਗੁਰੂ ਨਾਲੋਂ ਨਾਤਾ ਤੁੜਵਾ ਕੇ ਜਨਮ ਮਰਨ ਦੇ ਚੱਕਰ ਵਿੱਚ ਹੀ ਪਾਉਂਦੀ ਹੈ। ਮਾਇਆ ਦੇ ਕਾਰਿੰਦਿਆਂ (ਕਾਮਾਦਿਕ ਵੈਰੀ) ਦੀ ਚਾਕਰੀ, ਜਮਾਂ ਦੇ ਵੱਸ ਹੀ ਪਾਉਂਦੀ ਹੈ, ਛੁਟਕਾਰਾ ਨਹੀਂ ਦਿਵਾਉਂਦੀ। ਨਾਮ-ਧਨ ਤੋਂ ਛੁੱਟ, ਹੋਰ ਕੋਈ ਚੀਜ਼ ਵਸਤ ਸਾਡੇ ਨਾਲ ਨਹੀਂ ਜਾਣੀ। ਸਿਕੰਦਰ ਵਰਗੇ ਜੇਤੂ ਰਾਜੇ ਅੰਤ ਵੇਲੇ ਖਾਲੀ ਹੱਥ ਹੀ ਇਸ ਦੁਨੀਆਂ ਵਿਚੋਂ ਚੱਲਦੇ ਬਣੇ। ਇਸ ਵਰਤਾਰੇ ਨੂੰ ਮੁੱਖ ਰੱਖਕੇ ਪੰਚਮ ਪਾਤਸ਼ਾਹ ਕਹਿੰਦੇ ਹਨ-

ਕਾਹੇ ਏਕ ਬਿਨਾ ਚਿਤੁ ਲਾਈਐ ?

ਕਿਉਂਕਿ ਮਾਇਆ ਦੀ ਸੋਭਾ ਚਾਰ ਦਿਨ ਹੀ ਹੈ ਇਸ ਦੇ ਨਾਸ ਹੁੰਦਿਆਂ ਦੇਰ ਨਹੀਂ ਲੱਗਦੀ।

ਇਹ ਮਾਇਆ ਕੀ ਸੋਭਾ ਚਾਰਿ ਦਿਹਾੜੇ,
ਜਾਦੀ ਬਿਲਮੁ ਨ ਹੋਇ।।੫।। (ਪੰਨਾ ੪੨੯)

ਮਾਇਆ ਦੀ ਮਾਣ ਵਡਿਆਈ ਰੱਬ ਦੀ ਦਰਗਾਹ ਵਿੱਚ ਵੀ ਕੰਮ ਨਹੀਂ ਆਉਂਦੀ। ਜਦੋਂ ਦਰਗਾਹ ਤੋਂ ਸੱਦਾ ਆ ਜਾਂਦਾ ਹੈ ਤਾਂ ਮਨੁੱਖ ਸਾਰਾ ਪਸਾਰਾ ਛੱਡ ਕੇ ਖਾਲੀ ਹੱਥ ਨੰਗਾ ਹੀ ਤੁਰ ਜਾਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇੱਕ ਅਕਾਲ ਪੁਰਖ ਨੂੰ ਛੱਡ ਕੇ ਹੋਰ ਕਿਸੇ ਨਾਲ ਕਿਉਂ ਪ੍ਰੇਮ ਪਾਈਏ ? ਉਨ੍ਹਾਂ ਦਾ ਉਪਦੇਸ਼ ਹੈ-

ਹਰਿ ਏਕੁ ਸਿਮਰਿ, ਏਕੁ ਸਿਮਰਿ,
ਏਕੁ ਸਿਮਰਿ ਪਿਆਰੇ।।
ਕਲਿ ਕਲੇਸ, ਲੋਭ, ਮੋਹ,



www.AKJ.Org

ਮਹਾ ਭਉਜਲੁ ਤਾਰੇ।। ਰਹਾਉ।।
ਸਾਸਿ ਸਾਸਿ, ਨਿਮਖ ਨਿਮਖ,
ਦਿਨਸੁ ਰੈਨਿ ਚਿਤਾਰੇ।।
ਸਾਧ ਸੰਗ ਜਪਿ ਨਿਸੰਗ,
ਮਨਿ ਨਿਧਾਨੁ ਧਾਰੇ।।੧।।
(ਧਨਾਸਰੀ ਮ: ੫, ਪੰਨਾ ੬੭੯)

ਭਾਵ ਹੇ ਪਿਆਰੇ ! ਸਦਾ ਹੀ ਇੱਕ ਅਕਾਲ ਪੁਰਖ ਦਾ ਨਾਮ ਸਿਮਰਿਆ ਕਰ। ਇਹ ਸਿਮਰਨ ਮਹਾਂ ਭਿਆਨਕ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ ਜਿਸ ਵਿੱਚ ਬੇਅੰਤ ਸੰਸਾਰਕ ਝਗੜੇ ਹਨ ਅਤੇ ਲੋਭ ਮੋਹ ਦੀਆਂ ਲਹਿਰਾਂ ਉਠ ਰਹੀਆਂ ਹਨ।

ਪੰਚਮ ਪਾਤਸ਼ਾਹ ਦਿਨ ਰਾਤ, ਛਿਨ ਛਿਨ, ਹਰੇਕ ਸਾਹ ਦੇ ਨਾਲ ਨਾਮ ਸਿਮਰਨ ਦੀ ਤਾਕੀਦ ਕਰਦੇ ਹਨ ਅਤੇ ਕਹਿੰਦੇ ਹਨ ਕਿ ਸਾਧ ਸੰਗਤਿ ਵਿੱਚ ਬੈਠ ਕੇ ਨਿਸ਼ੰਗ ਹੋ ਕੇ ਅਰਥਾਤ ਝਾਕਾ ਲਾਹ ਕੇ ਨਾਮ ਜਪਿਆ ਕਰ ਤਾਂ ਜੋ ਪ੍ਰਭੂ ਦੀ ਯਾਦ ਹਿਰਦੇ ਵਿੱਚ ਵਸ ਜਾਏ।

ਪ੍ਰਭੂ ਨਾਲ ਲਿਵ ਲਾਉਣ ਲਈ ਮਨੁੱਖ ਕਈ ਪ੍ਰਕਾਰ ਦੇ ਧਰਮ ਕਰਮ ਕਰਦਾ ਹੈ, ਕਈ ਉਕਤੀਆਂ ਜੁਗਤੀਆਂ ਵਰਤਦਾ ਹੈ ਪਰ ਦੁਨੀਆਂ ਦੀ ਫੋਕੀ ਵਾਹ ਵਾਹ ਖੱਟਣ ਵਿੱਚ ਫਸ ਜਾਂਦਾ ਹੈ, ਹਉਮੈ ਦਾ ਰੋਗ ਸਹੇੜ ਬੈਠਦਾ ਹੈ, ਮੈਂ ਮੈਂ ਦਾ ਬੂਕਨਾ ਬਣ ਕੇ ਰੱਬ ਤੋਂ ਦੂਰ ਹੁੰਦਾ ਹੁੰਦਾ ਮਾਇਆ ਦੇ ਪੋਟੇ ਜਾ ਪੈਂਦਾ ਹੈ।

ਹਉਮੈ ਨਾਵੈ ਨਾਲਿ ਵਿਰੋਧੁ ਹੈ,
ਦੁਇ ਨ ਵਸਹਿ ਇਕ ਠਾਇ।।
ਹਉਮੈ ਵਿਚਿ ਸੇਵਾ ਨ ਹੋਵਈ,
ਤਾ ਮਨੁ ਬਿਰਥਾ ਜਾਇ।।੧।। (ਪੰਨਾ ੫੬੦)

ਹਉਮੈ ਦਾ ਪ੍ਰਭੂ ਦੇ ਨਾਮ ਨਾਲ ਵੈਰ ਹੈ। ਇਹ ਦੋਵੇਂ ਇਕੱਠੇ ਨਹੀਂ ਰਹਿ ਸਕਦੇ। ਹਿਰਦੇ ਵਿੱਚ ਨਾਮ ਤਾਂ ਹੀ ਵਸੇਗਾ ਜੇ ਹਉਮੈ ਦੂਰ ਹੋਵੇਗੀ। ਹਉਮੈ ਦੇ ਹੁੰਦੇ ਸੁੰਦਿਆਂ ਪ੍ਰਭੂ ਦੀ ਸੇਵਾ ਭਗਤੀ ਨਹੀਂ ਹੋ ਸਕਦੀ। ਹਉਮੈ ਕਾਰਨ ਮਨ 'ਨਾਮ' ਵਿੱਚ ਟਿਕਦਾ ਹੀ ਨਹੀਂ, ਮਨ ਦ੍ਰਵਦਾ ਅਰਥਾਤ ਨਰਮ ਹੀ ਨਹੀਂ ਹੁੰਦਾ। ਬਿਨਾਂ ਦ੍ਰਵੇ ਮਨ 'ਨਾਮ' ਵਿੱਚ ਜੁੜ ਹੀ ਨਹੀਂ ਸਕਦਾ, ਲੋਕ ਦਿਖਾਵੇ ਲਈ ਮਣਕੇ ਤੇ ਮਣਕਾ ਠਹਿ ਮਣਕਾ ਵਾਲੀ ਤੋਤਾ ਰਟਣੀ ਤਾਂ ਭਾਵੇਂ ਕਰਦਾ ਫਿਰੇ। ਹਉਮੈ ਦੀ ਲਪੇਟ ਵਿੱਚ ਆਇਆ ਮਨ ਨਾਮ ਰਸ ਤੋਂ ਖਾਲੀ ਹੋ ਜਾਂਦਾ ਹੈ ਅਤੇ ਮਨ ਵਿਕਾਰਾਂ ਵਿੱਚ ਫਸ ਜਾਂਦਾ ਹੈ। ਹਉਮੈ ਕਾਰਨ ਮਨੁੱਖ ਫੋਕੇ ਦਿਖਾਵ੍ਹੇ ਵਿੱਚ ਰੁੱਝ ਕੇ ਹਲਤ ਪਲਤ ਗਵਾ ਬੈਠਦਾ ਹੈ। ਲੋਕਾਂ ਨੂੰ ਲੰਬੇ ਲੰਬੇ ਉਪਦੇਸ਼ ਕਰਦਾ ਹੈ ਪਰ ਆਪ ਆਪਣੇ ਕਹੇ ਉੱਤੇ ਅਮਲ ਨਹੀਂ ਕਰਦਾ, ਤੱਤ ਵਸਤੂ (ਗੁਰਮੰਤ੍ਰ) ਨੂੰ ਹਿਰਦੇ ਵਿੱਚ ਨਹੀਂ ਵਸਾਉਂਦਾ, ਨਾਮ ਦੀ ਕਮਾਈ ਨਹੀਂ ਕਰਦਾ। ਮਨੁੱਖ ਨਾਮ-ਧਨ ਤੋਂ ਸੱਖਣਾ, ਜੀਵਨ ਦੀ ਬਾਜ਼ੀ ਹਾਰ ਕੇ ਚੁਰਾਸੀ (ਜਨਮ ਮਰਨ) ਦੇ ਗੇੜ ਵਿੱਚ ਪੈ ਜਾਂਦਾ ਹੈ।

ਅਵਰ ਉਪਦੇਸੈ ਆਪਿ ਨ ਕਰੈ।।
ਆਵਤ ਜਾਵਤ ਜਨਮੈ ਮਰੈ।। (ਪੰਨਾ ੨੬੯)

ਮੂਰਖ ਲੋਕ ਝੂਠ ਦੇ ਪਸਾਰੇ ਵਿੱਚ ਹੀ ਡੁੱਬੇ ਰਹਿੰਦੇ ਹਨ, ਮੇਰੀ ਮੇਰੀ ਕਰਦੇ ਹੀ ਮਰ ਖਪ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸ਼ਰਨ ਆ ਕੇ, ਗੁਰਦੀਖਿਆ ਲੈ ਕੇ, ਨਾਮ ਦੀ ਕਮਾਈ ਕੀਤੀ ਉਨ੍ਹਾਂ ਦਾ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਹੋ ਗਿਆ ਅਤੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਗਏ।

ਸਤਿਗੁਰੂ ਜੀ ਸਾਨੂੰ ਉਪਦੇਸ਼ ਦਿੰਦੇ ਹਨ -
"ਊਠਤ ਬੈਠਤ ਸੋਵਤ ਜਾਗਤ
ਸਦਾ ਸਦਾ ਹਰਿ ਧਿਆਈਐ।।"

ਹਾਂ ਜੀ ! "ਸਦਾ ਸਦਾ ਹਰਿ ਧਿਆਈਐ," "ਦਮਿ ਦਮਿ ਸਦਾ ਸਮਾਲਦਾ, ਦੰਮੁ ਨ ਬਿਰਥਾ ਜਾਇ" (ਪੰਨਾ ੫੫੬) ਸਤਿਗੁਰੂ ਦੇ ਇਸ ਉਪਦੇਸ਼ ਤੇ ਅਮਲ ਕਰਨ ਦਾ ਫਾਇਦਾ ਕੀ ਹੋਇਗਾ ?

ਸਤਿਗੁਰੂ ਜੀ ਇਉਂ ਬਿਆਨ ਕਰਦੇ ਹਨ -
ਊਠਤ ਬੈਠਤ ਹਰਿ ਜਾਪੁ।।
ਬਿਨਸੈ ਸਗਲ ਸੰਤਾਪੁ।।
ਬੈਰੀ ਸਭਿ ਹੋਵਹਿ ਮੀਤ।।
ਨਿਰਮਲੁ ਤੇਰਾ ਹੋਵੈ ਚੀਤ।।੨।।
ਸਭ ਤੇ ਊਤਮ ਇਹੁ ਕਰਮੁ।।
ਸਗਲ ਧਰਮ ਮਹਿ ਸ੍ਰੇਸਟ ਧਰਮੁ।।
ਹਰਿ ਸਿਮਰਨਿ ਤੇਰਾ ਹੋਇ ਉਧਾਰੁ।।
ਜਨਮ ਜਨਮ ਕਾ ਉਤਰੈ ਭਾਰੁ।।੩।।
ਪੂਰਨ ਤੇਰੀ ਹੋਵੈ ਆਸ।।
ਜਮ ਕੀ ਕਟੀਐ ਤੇਰੀ ਫਾਸ।।
ਗੁਰ ਕਾ ਉਪਦੇਸੁ ਸੁਨੀਜੈ।।
ਨਾਨਕ ਸੁਖਿ ਸਹਜਿ ਸਮੀਜੈ।।੪।।੩੦।।੪੧।।
(ਰਾਮਕਲੀ ਮ: ੫, ਪੰਨਾ ੮੯੫)

ਤਾਂ ਤੇ ਪਿਆਰਿਓ ! ਆਓ ਅਸੀਂ ਇਸ ਪੰਗਤੀ "ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ" ਨੂੰ ਹਮੇਸ਼ਾਂ ਧਿਆਨ ਵਿੱਚ ਰੱਖੀਏ ਅਤੇ ਇਸ ਤੇ ਅਮਲ ਕਰੀਏ ਤਾਂ ਜੋ ਸਾਡਾ ਵੀ ਜੀਵਨ ਸਫਲ ਹੋ ਜਾਏ।



www.AKJ.Org

# ਵਾਹਿਗੁਰੂ ਸਿਮਰਨ

(ਭਾਈ ਸਾਹਿਬ ਰਣਧੀਰ ਸਿੰਘ)

ਨਾਮ ਦੀ ਕਲਾ –

ਵਿਸਮਾਦ ਰੂਪ ਅਕਾਲ ਪੁਰਖ ਦੀ ਸਿਫਤਿ ਸਾਲਾਹ ਭੀ ਵਿਸਮਾਦ ਰੂਪ ਹੈ। ਨਾਮ, ਗੁਰਮਤਿ ਨਾਮ ਦੀ ਸੱਚੀ ਤੱਤ ਸਿਫਤਿ ਸਾਲਾਹ ਹੈ। ਨਾਮ ਰੂਪੀ ਸਿਫਤਿ ਸਾਲਾਹ, ਵਿਸਮਾਦ ਰੰਗਾਂ ਵਾਲੀ ਧੰਨਤਾ ਹੈ। ਵਿਸਮਾਦੀ ਅਕਾਲ ਪੁਰਖ (ਨਾਮੀ) ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ, ਕ੍ਰਿਸ਼ਮਨ ਸ਼ੁਕਰ-ਗੁਜ਼ਾਰੀ ਹੈ, ਜੋ ਨਾਮ-ਨਾਮੀ-ਅਭੇਦ ਵਿਸਮਾਦ ਰੰਗਾਂ ਵਿੱਚ ਹੀ ਗੁਰੂ ਗੁਣਤਾਸ ਵਲੋਂ ਉਚਾਰੀ, ਸੰਚਾਰੀ ਤੇ ਸੰਵਾਰੀ ਗਈ, ਜੋ ਇਸ ਦੀ ਸਿਫਤਿ ਸਾਲਾਹ ਰੂਪ ਧੰਨਤਾ ਦੇ ਉਚਾਰਨ, ਰਚਣਹਾਰੇ ਨੂੰ ਓੜਕ ਪਾਰਸ-ਰਸਾਇਣੀ ਕਲਾ ਵਰਤਾਇ ਕੇ ਵਿਸਮਾਦ ਰੰਗਾਂ ਵਿੱਚ ਲੀਨ ਕਰਾਉਣ ਨੂੰ ਸਮਰੱਥ ਹੈ। ਨਾਮ ਦੇ ਉਚਾਰਨਹਾਰਾ ਸੁਆਸ ਸੁਆਸ ਗੁਰਸ਼ਬਦ ਅਭਿਆਸ ਦੁਆਰਾ ਵਾਹੁ ਵਾਹੁ ਦੀ ਟੇਰ-ਰਟ ਲਗਾਇ ਕੇ ਵਾਸਤਵ ਵਿੱਚ ਵਾਹਿਗੁਰੂ ਅਕਾਲ ਪੁਰਖ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਕਰਦਾ ਹੈ। ਇਹ ਸ਼ੁਕਰ-ਗੁਜ਼ਾਰੀ ਅਤੇ ਕ੍ਰਿਤੱਗਤਾ ਕਾਹਦੀ ਹੈ, ਜਿਸ ਕਰਕੇ ਕੇਵਲ ਪ੍ਰਸ਼ਾਦਾ ਛਕਣ ਸਮੇਂ ਜਾਂ ਸੋਹਣੇ ਬਸਤਰ ਮਿਲਣ ਸਮੇਂ, ਰਿਹਾਇਸ਼ੀ ਸੁੰਦਰ ਮੰਦਰ ਤੱਕਣ ਸਮੇਂ ਇਹਨਾਂ ਵਸਤੂਆਂ ਦੇ ਭੋਗਣਹਾਰੇ ਦੇ ਮਨ ਵਿੱਚ ਇਸ ਤਰ੍ਹਾਂ ਦਾ ਕੇਵਲ ਛਿਨ-ਭੰਗਰੀ ਖ਼ਿਆਲ ਹੀ ਖ਼ਿਆਲ ਆਵੇ ਕਿ ਹੇ ਦਾਤਾ ਵਾਹਿਗੁਰੂ, ਤੂੰ ਧੰਨ ਹੈ ? ਇਸ ਤਰ੍ਹਾਂ ਦਾ ਖਿਆਲ ਮਾਤਰ ਆਉਣ ਨੂੰ ਕਈ ਫਿਲਾਸਫ਼ਰ ਐਨ ਗੁਰਮਤਿ ਨਾਮ ਸਿਮਰਨ ਸਮਝਦੇ ਹਨ। ਪਰੰਤੂ ਗੁਰਮਤਿ ਨਾਮ ਦਾ ਅਭਿਆਸ ਤੇ ਜਾਪ ਤਾਪ ਉਨ੍ਹਾਂ ਦੇ ਨਿਕਟ ਐਵੇਂ ਹੀ ਹੈ। ਉਹਨਾਂ ਦੇ ਖਿਆਲ ਵਿੱਚ *'ਨਾਮ ਕਿਸੇ ਇੱਕ ਨਾਮ ਦੀ ਮਕੈਨੀਕਲ ਰੈਪੀਟੀਸ਼ਨ ਹੀ ਹੈ।'* ਗੁਰਮਤਿ ਨਾਮ ਦੀ ਸਿਫਤਿ ਸਾਲਾਹ ਰੂਪੀ ਸ਼ੁਕਰਾਨਾ, ਕੇਵਲ ਮਹਿਦੂਦ ਅਪ-ਸੁਆਰਥੀ ਖ਼ਿਆਲਾਂ ਵਾਲਾ ਛਿਨ ਭੰਗਰੀ ਮਨੋਰਥ-ਪੂਰਤੀ ਤੋਂ ਉਪਜਿਆ ਫ਼ਸਾਨਾ ਹੀ ਨਹੀਂ, ਬਲਕਿ "ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ" (ਪੰਨਾ ੭੭੮) ਦੀ ਅਵਸਥਾ ਵਾਲਾ ਵਿਸ਼ਾਲ ਆਤਮ-ਤਰੰਗੀ ਤਰਾਨਾ ਹੈ, ਯਥਾ ਗੁਰਵਾਕ :-

ਵਾਹੁ ਵਾਹੁ ਤਿਸ ਨੋ ਆਖੀਐ
ਜਿ ਸਚਾ ਗਹਿਰ ਗੰਭੀਰੁ।।
ਵਾਹੁ ਵਾਹੁ ਤਿਸ ਨੋ ਆਖੀਐ
ਜਿ ਗੁਣਦਾਤਾ ਮਤਿ ਧੀਰੁ।।
ਵਾਹੁ ਵਾਹੁ ਤਿਸ ਨੋ ਆਖੀਐ
ਜਿ ਸਭ ਮਹਿ ਰਹਿਆ ਸਮਾਇ।।
ਵਾਹੁ ਵਾਹੁ ਤਿਸ ਨੋ ਆਖੀਐ
ਜਿ ਦੇਦਾ ਰਿਜਕੁ ਸਬਾਹਿ।।
ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ
ਜਿ ਸਤਿਗੁਰ ਦੀਆ ਦਿਖਾਇ।।੧।।(੧੬)

(ਸਲੋਕ ਮ: ੩, ਗੁਜਰੀ ਕੀ ਵਾਰ, ਪੰਨਾ ੫੧੪-੧੫)

"ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ" ਵਾਲੀ ਪੰਗਤੀ ਸਾਫ਼ ਇਕੋ ਗੁਰਮਤਿ ਨਾਮ ਦਾ ਅਰਾਧਣਾ ਸਹੀ ਕਰਦੀ ਹੈ ਅਤੇ ਸਹੀ ਅਰਥ ਰੱਖਦੀ ਹੈ। *'ਕਿਸੇ ਇੱਕ ਨਾਮ'* ਦੀ ਜਪਣ ਦੀ ਖੁੱਲ੍ਹ ਦਾ ਵਿਧਾਨ ਗੁਰਮਤਿ ਅੰਦਰ ਉਕਾ ਹੀ ਨਹੀਂ। ਇਹ ਇਹਨਾਂ ਤੋਂ ਅਗਲੇਰੇ ਸਲੋਕ ਦੀਆਂ ਤੁਕਾਂ ਦੱਸਦੀਆਂ ਹਨ ਕਿ ਗੁਰਮਤਿ ਨਾਮ ਕੇਵਲ ਖ਼ਾਸ ਖ਼ਾਸ ਸਮਿਆਂ ਤੇ ਉਪੰਨੇ ਖ਼ਿਆਲਾ ਦੀਆਂ ਸ਼ੁਕਰ ਗੁਜ਼ਾਰੀਆਂ ਦੇ ਛਿਨ ਭੰਗਰੀ ਅਨੁਮਾਨ ਹੀ ਨਹੀਂ, ਸਗੋਂ ਸਦੀਵੀ ਸਾਸ ਗਰਾਸੀ ਜਾਪ ਅਭਿਆਸ ਦਾ ਤੱਤ ਗਿਆਨ ਹੈ। ਯਥਾ ਗੁਰਵਾਕ –

ਵਾਹੁ ਵਾਹੁ ਗੁਰਮੁਖ ਸਦਾ ਕਰਹਿ
ਮਨਮੁਖ ਮਰਹਿ ਬਿਖੁ ਖਾਇ।।
ਓਨਾ ਵਾਹੁ ਵਾਹੁ ਨ ਭਾਵਈ
ਦੁਖੇ ਦੁਖਿ ਵਿਹਾਇ।।
ਗੁਰਮੁਖਿ ਅੰਮ੍ਰਿਤੁ ਪੀਵਣਾ
ਵਾਹੁ ਵਾਹੁ ਕਰਹਿ ਲਿਵ ਲਾਇ...।।੨।।(੧੬)

(ਮ: ੩, ਗੂਜਰੀ ਕੀ ਵਾਰ, ਪੰਨਾ ੫੧੫)

ਇਹ ਗੁਰਵਾਕ ਗੁਰਮਤਿ ਨਾਮ ਦੁਆਰੇ ਕੇਵਲ ਅਲਪੀ ਕਲਪੀ ਸ਼ੁਕਰਾਨਾ ਹੀ ਨਹੀਂ ਦ੍ਰਿੜਾਉਂਦੇ, ਸਗੋਂ ਸਦੀਵ-ਕਾਲੀ ਛਿਨ ਛਿਨ ਸੁਆਸ-ਸਮ੍ਹਾਲੀ ਅੰਮ੍ਰਿਤ-ਤ੍ਰਿਪਤਾਨਾ ਭੀ ਬੁਝਾਉਂਦੇ ਹਨ, ਅਰਥਾਤ ਨਾਮ ਅਭਿਆਸ ਕੇਵਲ ਸਰੀਰਕ ਲੋੜਾਂ ਦੀ ਪੂਰਤੀ ਦੇ ਸ਼ੁਕਰਾਨੇ ਵਜੋਂ ਹੀ ਨਹੀ ਕੀਤਾ ਜਾਂਦਾ। ਗੁਰਮੁਖਾਂ ਦਾ ਛਿਨ ਛਿਨ ਨਾਮ ਜਪਣਾ ਸੁਆਸ ਸੁਆਸ ਅੰਮ੍ਰਿਤ ਗਟਾਕਾਂ ਦਾ ਭੁੰਚਣਾ ਹੈ। ਮਨਮੁਖ ਲੋਕ ਆਪਣੀ ਮਨੋਰਥ-ਪੂਰਤੀ ਹਿਤ ਕੁਝ ਮਿੰਟਾਂ ਸਕਿੰਟਾਂ ਲਈ ਹੀ ਨਾਮ ਜਪਦੇ ਹਨ, ਫੇਰ ਸੁੰਨੇ ਦੇ ਸੁੰਨੇ, ਨਾਮੋਂ ਸਖਣੇ ਹੋ ਕੇ ਆਪਣੇ ਖ਼ਿਆਲਾਂ ਦੁਆਰਾ, ਸੰਸਾਰਕ ਚਿਤਵਣੀਆਂ ਦੁਆਰਾ, ਵਿਵਹਾਰਕ ਖਬਤ ਖਚਤਾਨੀਆਂ ਦੁਆਰਾ ਬਿਖ ਹੀ ਵਿਹਾਜਦੇ



www.AKJ.Org

ਰਹਿੰਦੇ ਹਨ। ਬਿਖ ਸੰਚਦੇ ਹਨ ਅਤੇ ਬਿਖੁ ਦੇ ਗਟਾਕ ਹੀ ਪੀਂਦੇ ਹਨ ਅਤੇ ਇਸ ਬਿਧ ਸਾਰੀ ਅਉਧ ਖਾਇ ਖਾਇ ਮਰਦੇ ਰਹਿੰਦੇ ਹਨ। ਗੁਰਮੁਖਿ ਸਚਿਆਰ ਸਿੱਖ ਵਾਹੁ ਵਾਹੁ ਰੂਪੀ ਸਿਫਤਿ ਸਾਲਾਹ ਦੀ ਲਿਵਤਾਰ ਜੋੜ ਕੇ ਦਮ-ਬਦਮ ਅੰਮ੍ਰਿਤ ਛਾਂਦੇ ਹੀ ਭੁੰਚਦੇ ਹਨ। ਤਾਂਤੇ ਨਾਮ ਜਪਣਾ ਕੇਵਲ ਖ਼ਿਆਲੀ ਸ਼ੁਕਰ-ਗੁਜ਼ਾਰੀ ਮਾਤਰ ਹੀ ਨਹੀਂ, ਨਾਮ ਜਪਣ ਦਾ ਅਰਥ ਨਿਰੀ ਫਸਲ-ਬਟੇਰੀ ਸ਼ੁਕਰ-ਗੁਜ਼ਾਰੀ ਕਰਨ ਦੇ ਹੀ ਨਹੀਂ, ਸਗੋਂ ਸੁਆਸ ਸੁਆਸ ਅੰਮ੍ਰਿਤ ਪੀਣ ਦੇ ਅਤੇ ਛਿਨ ਛਿਨ ਆਤਮ-ਜੀਵਣ ਜੀਣ ਦੇ ਹਨ। ਉਹਨਾਂ ਲੋਕਾਂ ਦੀ ਕੈਸੀ ਗ਼ਲਤ-ਖ਼ਿਆਲੀ ਹੈ ਜੋ ਨਾਮ ਜਪਣ ਨੂੰ ਕੇਵਲ ਮਕੈਨੀਕਲ ਰੈਪੀਟੀਸ਼ਨ ਹੀ ਦੱਸਦੇ ਹਨ।

ਦੇਖੋ ਅਗਲੇਰੇ ਗੁਰਵਾਕ, ਜੋ ਦਸਦੇ ਹਨ ਕਿ ਨਾਮ ਦੀ ਬਰਕਤ ਨਾਲ ਕੀ ਕੀ ਗੁੰਝਲਾਂ ਖੁਲ੍ਹਦੀਆਂ ਹਨ :-

ਮਨ ਮੇਰੇ ਨਾਮਿ ਰਹਉ ਲਿਵ ਲਾਈ।।
ਅਦਿਸਟੁ ਅਗੋਚਰੁ ਅਪਰੰਪਰੁ ਕਰਤਾ
ਗੁਰ ਕੈ ਸਬਦਿ ਹਰਿ ਧਿਆਈ।।੧।।(੪।।੭)

(ਮਲਾਰ ਮ: ੩, ਪੰਨਾ ੧੨੬੦)

ਤਹ ਅਨਹਤ ਧੁਨੀ ਬਾਜਹਿ
ਨਿਤ ਬਾਜੇ ਨੀਝਰ ਧਾਰ ਚੁਆਵੈਗੋ।।੩।।
ਰਾਮ ਨਾਮੁ ਇਕੁ ਤਿਲ ਤਿਲ ਗਾਵੈ
ਮਨੁ ਗੁਰਮਤਿ ਨਾਮਿ ਸਮਾਵੈਗੋ....੪।।

(ਕਾਨੜਾ ਅਸਟ: ਮ: ੪, ਪੰਨਾ ੧੩੦੮)

ਇਹ ਨਾਮ ਦੀ ਮਕੈਨੀਕਲ ਰੈਪੀਟੀਸ਼ਨ (ਮੁੜ ਮੁੜ, ਬਾਰ ਬਾਰ ਨਾਮ ਜਪਣ) ਦਾ ਸੁਆਦ ਹੈ, ਪਰ ਗੁਰਵਾਕਾਂ ਦੀ ਸੱਟ ਕਉਣ ਸਹੇ, ਤੇ ਕੌਣ ਗੁਰਵਾਕਾਂ ਦੀ ਸੱਚਾਈ ਨੂੰ ਪਰਖੇ ਤੋਲੇ। ਨਾਮ ਕਮਾਈ ਤੋਂ ਅਨਜਾਣ ਲੋਕਾਂ ਦੀ ਇਹ ਹਾਲਤ ਹੈ :-

ਅੰਧੇ ਏਕ ਨ ਲਾਗਈ ਜਿਉ
ਬਾਂਸੁ ਬਜਾਈਐ ਫੂਕ।।੧੫੮।।

(ਸਲੋਕ ਕਬੀਰ ਜੀ, ਪੰਨਾ ੧੩੭੨)

ਗੁਰਸ਼ਬਦ (ਨਾਮ) ਦੀ ਕਮਾਈ ਬਿਨਾਂ ਪਏ ਭੁਲੇ ਭਟਕਾਂ ਖਾਂਦੇ ਹਨ। ਭਰਮ ਭਰਮ ਕੇ ਰਾਧਾ ਸੁਆਮੀਆਂ ਤੇ ਹੋਰ ਐਸੇ ਨਵੇਂ ਗੁਰਮਤਿ ਤੋਂ ਉਲਟ-ਪੰਥੀਆਂ ਦੇ ਦਰਾਂ ਉਤੇ ਰੁਲਦੇ ਫਿਰਦੇ ਹਨ ਤੇ ਉਨ੍ਹਾਂ ਤੋਂ ਅਨਹਦ ਸ਼ਬਦ ਦੀਆਂ ਪ੍ਰਾਪਤੀਆਂ ਚਾਹੁੰਦੇ ਹਨ। ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਇਹ ਅਨਹਦ ਧੁਨੀਆਂ ਵਾਲੇ ਬਾਜੇ ਤਾਂ ਗੁਰਮਤਿ ਨਾਮ ਦੀ ਕਮਾਈ ਕੀਤਿਆਂ ਹੀ ਬਜਦੇ ਹਨ।

ਖਿਨ ਖਿਨ ਨਾਮ ਦੀ ਸਿਫਤ ਸਲਾਹ, ਅਰਥਾਤ ਨਾਮ ਦਾ ਜਪਣਾ, ਅਕਾਲ ਪੁਰਖ ਵਾਹਿਗੁਰੂ ਦੀ ਖਿਨ ਖਿਨ ਸ਼ੁਕਰ-ਗੁਜ਼ਾਰੀ ਹੈ ਤੇ ਖਿਨ ਖਿਨ ਹਾਜ਼ਰਾ ਹਜ਼ੂਰੀ ਹੈ। ਨਾਮ ਦੇ ਬਾਰ ਬਾਰ ਜਪਣ, ਮਕੈਨੀਕਲ ਰੈਪੀਟੀਸ਼ਨ ਦੁਆਰਾ ਹੀ ਰਟਨ ਕਰਦਿਆਂ ਨਾਮ ਦੀ ਪਾਰਸ-ਰਸਾਇਣੀ-ਰਗੜ ਦੁਆਰਾ ਚੁੰਬਕ ਪ੍ਰਕਾਸ਼ ਪ੍ਰਜੁਅਲਤ ਕਰ ਕੇ ਦੇਖਣ, ਫੇਰ ਪਤਾ ਲਗਸੀ ਕਿ ੇਖ ਨਿਰੀ ਮਕੈਨੀਕਲ ਰੈਪੀਟੀਸ਼ਨ ਦੀ ਕੀ ਕਰਮਾਤ ਹੈ। ਪਹਿਲਾਂ ਸਤਿਗੁਰੂ ਦੇ ਏਸ ਨਾਮ ਉਤੇ ਗੁਰਸਿੱਖਾਂ, ਸ਼ਰਧਾਲੂਆਂ ਵਾਲੀ ਸ਼ਰਧਾ ਲਿਆਉਣ ਦੀ ਲੋੜ ਹੈ, ਫੇਰ ਨਾਮ ਦੇ ਪਾਤਰ ਬਣਨ ਤੇ ਨਾਮ ਨੂੰ ਪ੍ਰਾਪਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਖੰਡੇ ਦਾ ਅੰਮ੍ਰਿਤ ਛੱਕਣ ਦੀ ਲੋੜ ਹੈ। ਇਸ ਤਰ੍ਹਾਂ ਖਾਲਸਾ ਸਜ ਕੇ, ਨਾਮ ਪ੍ਰਾਪਤ ਕਰ ਕੇ ਨਾਮ ਜਪਣ ਦੀ ਅਤੁੱਟ ਕਮਾਈ ਕਰਨ। ਇਸ ਤਰ੍ਹਾਂ ਮਕੈਨੀਕਲ ਰੈਪੀਟੀਸ਼ਨ ਦੀ ਕਮਾਈ ਦਾ ਫੇਰ ਸਿੱਟਾ ਦੇਖਣ ਕਿ ਕੀ ਰੰਗ ਖਿੜਦੇ ਹਨ। ਐਵੇਂ ਗੱਲਾਂ ਨਾਲ ਗਿਆਨ ਘੋਟਿਆਂ ਕੀ ਬਣਦਾ ਹੈ ? ਗੁਰੂ ਸਾਹਿਬ ਫੁਰਮਾਉਂਦੇ ਹਨ :-

ਮਨ ਮੇਰੇ ਨਾਮਿ ਰਤੇ ਸੁਖੁ ਹੋਇ।।
ਗੁਰਮਤੀ ਨਾਮੁ ਸਲਾਹੀਐ
ਦੂਜਾ ਅਵਰੁ ਨ ਕੋਇ।।੧।।ਰਹਾਉ।।

(੪।।੩੦।।੬੩) ਸਿਰੀ ਰਾਗੁ ਮ: ੩, ਪੰਨਾ ੩੮)

ਸ਼ੁਕਰ-ਗੁਜ਼ਾਰੀ ਕਰਨੀ ਕਿਹੜੀ ਸੁਖਾਲੀ ਹੈ। ਇਹ ਸ਼ੁਕਰ-ਗੁਜ਼ਾਰੀ (ਤੱਤ ਸ਼ੁਕਰ-ਗੁਜ਼ਾਰੀ) ਗੁਰੂ ਦੁਆਰਿਉਂ, ਗੁਰਮਤਿ ਦੁਆਰਾ ਹੀ ਸਿਖਾਈ ਸਿਖਲਾਈ ਜਾਂਦੀ ਹੈ। ਉਪਰਲੇ ਗੁਰਵਾਕ ਅੰਦਰ 'ਗੁਰਮਤੀ ਨਾਮੁ ਸਲਾਹੀਐ' ਦੀ ਫ਼ੋਰਸ (ਜ਼ੋਰ-ਸ਼ਕਤੀ) ਨੂੰ ਦੇਖੋ। ਫੇਰ ਅਗਲੀ ਪੰਗਤੀ ਦੱਸਦੀ ਹੈ ਕਿ ਗੁਰਮਤਿ ਨਾਮ ਦਾ ਜਪਣਾ ਸਾਲਾਹੁਣਾ ਹੀ ਫਲਦਾਇਕ ਹੈ, ਇਹ ਨਹੀਂ ਕਿ ਸਤਿਨਾਮ ਗੁਰਮੰਤਰ ਤੋਂ ਵੱਖਰਾ ਕੋਈ ਨਾਮ ਹੀ ਸਾਲਾਹਿਆ ਜਾਵੇ। ਬਸ 'ਦੂਜਾ ਅਵਰੁ ਨ ਕੋਇ।।' ਅਰਥਾਤ ਗੁਰਮਤਿ ਨਾਮ ਤੋਂ ਵੱਖਰਾ ਦੂਸਰਾ ਹੋਰ ਕੋਈ ਨਾਮ ਨਹੀਂ। ਕੇਵਲ, ਏਸ ਗੁਰਮਤਿ ਨਾਮ ਦੀ ਸਿਫ਼ਤ ਸਲਾਹ ਦੀ ਅਤੁੱਟ ਕਮਾਈ ਤੇ ਅਨਿੰਨ ਸ਼ਰਧਾ ਭਾਵਨੀ ਦੁਆਰਾ ਹੀ ਨਾਮ ਦੇ ਰੰਗਾਂ ਵਿੱਚ ਰਤੇ ਜਾ ਸਕੀਦਾ ਹੈ ਤੇ ਨਾਮ ਦੀ ਰਗੜ ਦੁਆਰਾ ਹੀ ਪਰਜੁਅਲਤ ਹੋਏ ਆਤਮ-ਪ੍ਰਕਾਸ਼ ਦੁਆਰਾ ਹੀ ਸੱਚੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਹ



www.AKJ.Org

ਹੈ, 'ਮਨ ਮੇਰੇ ਨਾਮਿ ਰਤੇ ਸੁਖੁ ਹੋਇ।'

ਉਸ ਬੇਅੰਤ ਪ੍ਰਭੂ ਨੂੰ ਪੂਰੇ ਸ਼ਬਦ ਦੁਆਰਾ ਹੀ ਸਾਲਾਹਿਆ ਜਾ ਸਕਦਾ ਹੈ। ਯਥਾ ਗੁਰਵਾਕ :-

ਪੂਰੈ ਸਬਦਿ ਸਲਾਹੀਐ
ਜਿਸ ਦਾ ਅੰਤੁ ਨ ਪਾਰਾਵਾਰੁ।।੯।।
(੧੦।।੬।।੨੩) ਸਿਰੀ ਰਾਗੁ ਮ: ੩, ਪੰਨਾ ੬੮)

ਇਹ ਪੂਰਾ ਸ਼ਬਦ ਪੂਰੇ ਸਤਿਗੁਰੂ ਦਾ ਦੱਸਿਆ ਦ੍ਰਿੜ੍ਹਾਇਆ ਹੋਇਆ ਕੇਵਲ ਗੁਰਮਤਿ ਨਾਮ, ਗੁਰਮੰਤਰ ਹੀ ਹੈ, ਜਿਹਾ ਕਿ ਭਾਈ ਗੁਰਦਾਸ ਜੀ ਨੇ ਸਪਸ਼ਟ ਕਰਕੇ ਪ੍ਰਗਟ ਕੀਤਾ ਹੈ :-

ਨਮਸਕਾਰ ਗੁਰਦੇਵ ਕੋ
ਸਤਿਨਾਮ ਜਿਸ ਮੰਤ੍ਰ ਸੁਣਾਇਆ।।
ਭਵਜਲ ਵਿਚੋਂ ਕਢਿ ਕੇ
ਮੁਕਤਿ ਪਦਾਰਥ ਮਾਹਿ ਸਮਾਇਆ।।
(ਵਾਰ ੧, ਪਉੜੀ ੧)

ਭਾਈ ਗੁਰਦਾਸ ਜੀ ਸਾਫ਼ ਦੱਸਦੇ ਹਨ ਕਿ ਨਾਮ ਦਾ ਦਾਤਾ ਸਤਿਗੁਰੂ ਨਾਨਕ ਦੇਵ ਤੇ ਉਨ੍ਹਾਂ ਦੇ ਬਾਕੀ ਗੁਰੂ ਸਰੂਪ ਗੁਰੂ ਸਾਹਿਬਾਨ ਨੂੰ ਨਮਸਕਾਰ ਹੈ, ਜਿਸ ਨੇ ਸਤਿਨਾਮ ਦਾ ਮੰਤਰ ਸੁਣਾ ਕੇ ਭੈ-ਸਾਗਰ ਵਿਚੋਂ ਕੱਢ ਕੇ ਮੁਕਤਿ ਕਰ ਦਿੱਤਾ। ਉਹ ਸਤਿਨਾਮ ਮੰਤਰ ਕਿਹੜਾ ਹੈ, ਏਸ ਨੂੰ ਉਹ ਏਸ ਤਰ੍ਹਾਂ ਸਪੱਸ਼ਟ ਕਰਦੇ ਹਨ-

ਵਾਹਿਗੁਰੂ ਗੁਰਮੰਤ੍ਰ ਹੈ
ਜਪਿ ਹਉਮੈ ਖੋਈ।। (ਵਾਰ ੧੩, ਪਉੜੀ ੨)

ਇਹ ਗੁਰਮੰਤਰ ਵਾਹਿਗੁਰੂ ਹੀ ਹੈ, ਜਿਸ ਦੇ ਨਾਮ ਜਪਣ ਨਾਲ ਹਉਮੈ ਦੂਰ ਹੁੰਦੀ ਹੈ। ਇਹੋ ਸਤਿਨਾਮੁ ਹੈ, ਏਸ ਤੋਂ ਬਿਨਾਂ ਬਾਕੀ ਰਾਮ, ਹਰੀ ਆਦਿ ਸਭ ਕ੍ਰਿਤਮ ਨਾਮ ਹਨ, ਜਿਨ੍ਹਾਂ ਦਾ ਜਾਪ-ਸਿਮਰਨ ਵਾਹਿਗੁਰੂ ਸਤਿਨਾਮ ਮੰਤਰ ਦੇ ਤੁਲ ਨਹੀਂ :-

ਕਿਰਤਮ ਨਾਮ ਕਥੇ ਤੇਰੇ ਜਿਹਬਾ।।
ਸਤਿਨਾਮੁ ਤੇਰਾ ਪਰਾ ਪੂਰਬਲਾ।।....
(੨੦।।ਮਾਰੂ ਮਹਲਾ ੫, ਪੰਨਾ ੧੦੮੩)

ਇਹ ਸਤਿਨਾਮ ਪਰਾ ਪੂਰਬਲਾ ਹੈ, ਬਾਕੀ ਨਾਮ ਲੋਕਾਂ ਦੇ ਰਚੇ ਹੋਏ ਹਨ। ਇਹ ਗੁਰਮਤਿ ਨਾਮ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ ਤੇ ਉਸ ਦੀ ਕ੍ਰਿਪਾ ਨਾਲ ਹੀ ਮਨ ਵਿੱਚ ਵਸਦਾ ਹੈ। ਵੈਸੇ ਆਪ-ਮੁਹਾਰਾ ਨਾਮ ਮੂੰਹੋਂ ਆਖਿਆ ਪਰਵਾਣ ਨਹੀਂ। ਗੁਰਮਤਿ ਬਿਧੀ ਅਨੁਸਾਰ ਪ੍ਰਾਪਤ ਹੋਇਆ ਨਾਮ ਹੀ ਖੰਡੇ ਦਾ ਅੰਮ੍ਰਿਤ ਛਕ ਕੇ ਜਪਿਆ ਫਲੀਭੂਤ ਹੋ ਸਕਦਾ ਹੈ। ਜਿਹਾ ਕਿ ਗੁਰਵਾਕ ਹੈ :-

ਰਾਮ ਰਾਮ ਸਭੁ ਕੋ ਕਹੈ
ਕਹਿਐ ਰਾਮੁ ਨ ਹੋਇ।।
ਗੁਰ ਪਰਸਾਦੀ ਰਾਮੁ ਮਨਿ ਵਸੈ
ਤਾ ਫਲੁ ਪਾਵੈ ਕੋਇ।।੧।।
(੪।।੪।।੬) ਗੂਜਰੀ ਮ: ੩, ਪੰਨਾ ੪੯੧)

ਏਸ ਤਰ੍ਹਾਂ ਬਿਧੀ ਪੂਰਬਕ ਪ੍ਰਾਪਤ ਹੋਏ ਨਾਮ-ਜਾਪ ਦਾ ਆਟੋਮੈਟਿਕ (ਆਪ-ਮੁਹਾਰਾ) ਤੋਰਾ ਤੁਰ ਸਕਦਾ ਹੈ। ਨਾਮ ਦੀ ਰਸਕ ਜੋਤਿ ਪਰਜੁਅਲਤ ਹੋਣ ਤਕ ਸਿਲ ਅਲੂਣੀ ਚੱਟਣੀ ਲੱਗਦੀ ਹੈ। ਜਦੋਂ ਨਾਮ ਮਨ ਵਿੱਚ ਵਸ ਗਿਆ ਤਦ ਸੁਰਤੀ ਬਿਰਤੀ ਰਸ-ਲੀਨ ਹੋਣ ਕਾਰਨ ਇਹ ਰਸ ਛਡਿਆ ਨਹੀਂ ਜਾਂਦਾ।

**(੧) ਅਠ ਪਹਿਰੀ ਕੁੰਜੀ -**

ਅੰਮ੍ਰਿਤ ਵੇਲੇ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋਂ ਅਠ ਪਹਿਰੀ ਕੁੰਜੀ ਲੱਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡੂਲਮ, ਪੰਚ ਦੂਤ ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫ਼ਤਾਰ ਵਿੱਚ ਚਲਦਾ ਰਹਿੰਦਾ ਹੈ।

ਇਹ ਗੁਰਮੰਤਰ "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ" (ਪੰਨਾ ੪੬੩) ਦੇ ਗੁਰਵਾਕ ਅਨੁਸਾਰ ਅਕਾਲ ਪੁਰਖ ਦਾ ਆਪਣੇ ਆਪ ਰਚਿਆ ਨਾਉਂ ਸਤਿਨਾਮ ਹੈ, ਹੋਰ ਸਾਰੇ ਨਾਉਂ ਅਸਤਿ ਤੇ ਕ੍ਰਿਤਮ ਨਾਮ ਹਨ। ਏਸ ਗੁਰਮਤਿ ਗੁਰਮੰਤਰ ਵਾਹਿਗੁਰੂ ਦੇ ਵਿਧੀ ਪੂਰਬਕ ਅਭਿਆਸ ਦੁਆਰਾ ਜੋਤਿ ਪ੍ਰਕਾਸ਼ਕ ਵਿਸਮਾਦੀ ਰੰਗ ਬੱਝਦੇ ਹਨ। ਨਾਮ ਅਭਿਆਸ ਦਾ ਹੱਦ-ਬੰਨਾ ਕੋਈ ਨਹੀਂ, ਨਾਮ ਪਰਮ ਤੇ ਅਗਾਧ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ, ਤੇ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ -

"ਲੋਇਣ ਦੇਖਿ ਰਹੇ ਬਿਸਮਾਦੀ
ਚਿਤੁ ਅਦਿਸਟਿ ਲਗਾਈ।। (ਪੰਨਾ ੯੧੦)

ਵਾਲੇ ਦਿਬ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ-

ਅਦਿਸਟੁ ਸਦਾ ਰਹੈ ਨਿਰਾਲਮੁ
ਜੋਤੀ ਜੋਤਿ ਮਿਲਾਈ।। (ਪੰਨਾ ੯੧੦)

ਵਾਲੀ ਜੀਵਨ ਮੁਕਤਿ ਜੋਤਿ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉਚ ਮੇਅਰਾਜ (ਮਰਤਬਾ) ਪ੍ਰਾਪਤ ਹੁੰਦਾ ਹੈ, ਏਸ ਅਵਸਥਾ ਵਿਚ ਹੀ ਦਸਮ ਦੁਆਰ ਦੀ ਗੰਮਤਾ ਪ੍ਰਾਪਤ ਹੁੰਦੀ ਹੈ, ਜੈਸਾ ਕਿ ਭਾਈ ਗੁਰਦਾਸ ਜੀ ਆਪਣੇ ਕਬਿਤ ਸਵੱਈਆਂ ਦੇ ਦੂਜੇ ਕਬਿਤ ਵਿਚ



www.AKJ.Org

ਦੱਸਦੇ ਹਨ :-

ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹਉ
ਗੁਰਮੁਖਿ ਪਾਵੈ ਸੁ ਤਉ ਅਨਤ ਨ ਧਾਵਈ।।
ਉਨਮਤੀ ਜੋਤਿ ਪਟੰਤਰ ਦੀਜੈ ਕਉਨ ਜੋਤਿ
ਦਇਆ ਕੈ ਦਿਖਾਵੈ ਜਾਹਿੰ ਤਾਹੀ ਬਨਿ ਆਵਈ।।
ਅਨਹਦ ਨਾਦ ਸਮਸਰਿ ਨਾਦੁ ਬਾਦੁ ਕਉਨੁ
ਸ੍ਰੀ ਗੁਰੂ ਸੁਨਾਵੈ ਜਾਹਿੰ ਸੋਈ ਲਿਵ ਲਾਵਈ।।
ਨਿਝਰ ਅਪਾਰ ਧਾਰ, ਤੁਲਿ ਨ ਅੰਮ੍ਰਿਤ ਰਸ
ਅਪਿਉ ਪੀਆਵੈ ਜਾਹਿੰ ਤਾਹੀ ਮੈਂ ਸਮਾਵਈ।।੨।।

ਇਹ ਅਵਸਥਾ ਗੁਰੂ ਕਿਰਪਾ ਨਾਲ ਗੁਰਮੁਖਾਂ ਨੂੰ ਹੀ, ਨਾਮ ਦੀ ਦਾਤਿ ਪ੍ਰਾਪਤ ਕਰ ਕੇ, ਨਾਮ ਅਭਿਆਸ ਦੀ ਕਮਾਈ ਹਾਸਲ ਹੁੰਦੀ ਹੈ।

ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਨਾਮ ਅਭਿਆਸ ਦੀ ਗੁਰਮਤਿ ਜੁਗਤੀ ਇਉਂ ਦੱਸੀ ਹੈ ਕਿ ਏਸ ਬਿਧ ਗੁਰਮੰਤਰ ਦਾ ਜਾਪ ਕਰ ਕੇ ਦਸਮ-ਦੁਆਰ ਪਹੁੰਚੀਦਾ ਹੈ। ਜਿਹਾ ਕਿ ਕਬਿਤ :-

ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ
ਸੁਖਮਨਾ ਸੰਗਮ ਹੁਇ ਉਲਟਿ ਪਵਨ ਕੈ।।
ਬਿਸਮ ਬਿਸ੍ਵਾਸ ਬਿਖੈ ਅਨਭੈ ਅਭਿਆਸ ਰਸ
ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ।।
ਸਬਦ ਕੈ ਅਨਹਦ ਸੁਰਤਿ ਕੈ ਉਨਮਨੀ
ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ।।
ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੋਗ
ਦਸਮ ਸਥਲ ਨਿਹਕੇਵਲ ਭਵਨ ਕੈ।।੨੯੧।।
(ਕਬਿਤ ਸਵੈਯੇ ਭਾਈ ਗੁਰਦਾਸ ਜੀ)

ਨਾਮ ਦੀ ਅਗਾਧ ਕਲਾ ਹੈ, ਜਿਸ ਦੇ ਤੁਫ਼ੈਲ ਅਕਾਲ ਪੁਰਖ ਦੇ ਪਰਤੱਖ ਦਰਸ਼ਨ ਦਸਮ ਦੁਆਰ ਦਾ ਉਘਾੜ ਤੇ ਸਚਖੰਡ ਦਾ ਨਿਵਾਸ ਪ੍ਰਾਪਤ ਹੁੰਦਾ ਹੈ। ਖ਼ਾਲਸੇ ਦਾ ਦਸਮ ਦੁਆਰ ਜੋਗੀਆਂ ਦੇ ਦਸਮ ਦੁਆਰ ਨਾਲੋਂ ਉਚਾ ਤੇ ਵਿਲੱਖਣ ਹੈ। ਜੋਗੀਆਂ ਦਾ ਦਸਮ ਦੁਆਰ ਤਾ ਨਿਰਾ ਪਵਨ-ਪੁਹਾਰਾ ਹੀ ਹੈ। ਏਸ ਦਾ ਫ਼ਰਕ ਇਉਂ ਸਮਝੋ ਕਿ ਅੰਗੀਠੀ ਵਿੱਚ ਜਿਥੇ ਕੋਇਲੇ ਦਗਦੇ ਹਨ, ਉਹ ਉਪਰਲਾ ਟਿਕਾਣਾ ਖ਼ਾਲਸੇ ਦਾ ਦਸਮ ਦੁਆਰ ਹੈ, ਜਿਥੋਂ ਸਚਖੰਡ ਨਾਲ ਸਿਧਾ ਕੁਨੈਕਸ਼ਨ ਜੁੜਦਾ ਹੈ ਤੇ ਨਾਮ ਦੀਆਂ ਧੁਨੀਆਂ ਦਾ ਅਨਹਦ ਸ਼ਬਦ ਸੁਣਾਈ ਦਿੰਦਾ ਹੈ। ਜੋਗੀਆਂ ਦਾ ਦਸਮ ਦੁਆਰ ਤਾਂ ਉਹ ਥਾਂ ਹੈ, ਜਿਥੇ ਅੰਗੀਠੀ ਦੇ ਹੇਠਲੇ ਹਿੱਸੇ ਵਿਚ ਸੁਆਹ ਡਿਗਦੀ ਹੈ। ਜੋਗੀਆਂ ਨੂੰ ਏਥੇ ਬਜੰਤ੍ਰੀ, ਵੀਣਾ, ਢੋਲਕ, ਛੈਣੇ ਆਦਿ ਧੁਨੀਆਂ ਹੀ ਸੁਣਦੀਆਂ ਹਨ। ਗੁਰੂ ਘਰ ਵਾਲਾ ਅਨਹਦ ਸ਼ਬਦ ਉਹਨਾਂ ਨੂੰ ਪ੍ਰਾਪਤ ਨਹੀਂ ਹੁੰਦਾ ਤੇ ਨਾ ਉਨ੍ਹਾਂ ਨੂੰ ਅਕਾਲ ਪੁਰਖ ਪਰਤੱਖ ਹੁੰਦਾ ਹੈ, ਜੈਸਾ ਕਿ ਗੁਰਵਾਕ ਹੈ:-

ਜੋਗ ਸਿਧ ਆਸਣ ਚਉਰਾਸੀਹ
ਏ ਭੀ ਕਰਿ ਕਰਿ ਰਹਿਆ।।
ਵਡੀ ਆਰਜਾ ਫਿਰਿ ਫਿਰਿ ਜਨਮੈ
ਹਰਿ ਸਿਉ ਸੰਗੁ ਨ ਗਹਿਆ।।੬।।
(੧।।੩) ਸੋਰਠਿ ਮ: ੫ ਘਰੁ ੨ ਅਸ਼ਟ, ਪੰਨਾ ੬੪੨)

ਇਹ ਉਪਰਲੀ ਮਿਸਾਲ 'ਤਿਹ ਸਿਲ ਊਪਰਿ ਖਿੜਕੀ ਅਉਰ' (ਪੰਨਾ ੧੧੫੯) ਵਾਲੇ ਸ਼ਬਦ ਦੇ ਭਾਵ ਦਾ ਟੂਕ ਮਾਤਰ ਪ੍ਰਮਾਣ ਹੈ।

ਇਸ ਲਈ ਸਾਰ ਸਿੱਟਾ ਇਹ ਹੈ ਕਿ ਅਸਲੀ ਕਲਿਆਣਕਾਰੀ ਮੰਤਰਾਂ ਸਿਰ ਮੰਤਰ 'ਵਾਹਿਗੁਰੂ' ਗੁਰਮੰਤਰ ਹੈ, ਜੋ ਬੇਦ ਕਤੇਬਾਂ ਤੋਂ ਅਗੋਚਰਾ ਅਕਾਲ ਪੁਰਖ ਦਾ ਆਪ ਸੰਕੇਤਿਆਂ ਨਾਮ ਹੈ, ਜਿਹਾ ਕਿ :-

'ਬੇਦ ਕਤੇਬ ਅਗੋਚਰਾ ਵਾਹਿਗੁਰੂ
ਗੁਰ ਸਬਦੁ ਸੁਣਾਇਆ।।'
(ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੧੭)

ਏਸ ਗੁਰਮੰਤਰ ਨੂੰ ਜਪਣ ਦੀ ਭਾਈ ਗੁਰਦਾਸ ਜੀ ਹਦਾਇਤ ਕਰਦੇ ਹਨ -

'ਵਾਹਿਗੁਰੂ ਸਾਲਾਹਣਾ ਗੁਰ ਸਬਦ ਅਲਾਏ।।'
(ਵਾਰ ੪, ਪਉੜੀ ੧੩)

'ਵਾਹਿਗੁਰੂ ਗੁਰੁ ਸਬਦੁ ਲੈ
ਪਿਰਮ ਪਿਆਲਾ ਚੁਪਿ ਚੁਬੋਲਾ।।'
(ਵਾਰ ੪, ਪਉੜੀ ੧੭)

ਇਸ ਗੁਰਮੰਤਰ ਨੂੰ ਬਾਰ ਬਾਰ ਜਪਣ ਦੀ ਹਦਾਇਤ ਗੁਰਬਾਣੀ ਵਿੱਚ ਥਾਂ ਥਾਂ ਮਿਲਦੀ ਹੈ :-

ਬਾਰੰਬਾਰ ਬਾਰ ਪ੍ਰਭੁ ਜਪੀਐ।।
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ।।....੬।।(੧੭)
(ਗਉੜੀ ਸੁਖਮਨੀ ਮ: ੫, ਪੰਨਾ ੨੮੯)

ਸੋ ਨਾਮ ਦਾ ਬਾਰ ਬਾਰ ਜਪਣਾ ਨਿਰੀ ਮਕੈਨੀਕਲ ਰੈਪੀਟੀਸ਼ਨ (ਮੁੜ ਮੁੜ ਇਕ ਸ਼ਬਦ ਨੂੰ ਆਮੁਹਾਰਾ ਕਹੀ ਜਾਣ ਵਾਲੀ ਫੋਕੀ ਕਾਰ) ਨਹੀਂ, ਸਗੋਂ ਨਾਮ-ਰਸ ਲੀਨ ਕਰਾਉਣ ਵਾਲੀ ਤੇ ਕਪਾਟ ਖੋਲ੍ਹਣ ਵਾਲੀ ਸੱਚੀ ਕਾਰ ਹੈ। ਗੁਰਮਤਿ ਨਾਮ ਅਰਥਾਤ ਵਾਹਿਗੁਰੂ ਦਾ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸਿ ਗ੍ਰਾਸ ਹੋ ਸਕਦਾ ਹੈ, ਰਸਨਾ (ਜੀਭ) ਦੁਆਰਾ ਅਥਵਾ ਸੁਆਸਾਂ ਤੇ ਸੁਰਤੀ ਦੁਆਰਾ।

*****



www.AKJ.Org

# ਦੇਹੋਂ ਬਿਦੇਹ

(ਭਾ: ਸੇਵਾ ਸਿੰਘ ਰਾਮਪੁਰ ਖੇੜਾ)

ਨਾਮ-ਜਪ ਦੁਆਰਾ ਭਾਈ ਹਰਨਾਮ ਸਿੰਘ ਜੀ ਦੀ ਆਤਮਿਕ ਅਵਸਥਾ ਬਹੁਤ ਉੱਚੀ ਹੋ ਚੁੱਕੀ ਸੀ। ਆਪ ਜੀ ਸਥੂਲ-ਸਰੀਰ ਚੋਂ ਆਤਮਾ ਵੱਖ ਕਰਕੇ, ਸੂਖਮ ਸਰੀਰ ਧਾਰ ਜਿੱਥੇ ਵੀ ਜਾਣਾ ਚਾਹੁਣ ਅੱਖ ਦੇ ਫੋਰ ਵਿੱਚ ਉੱਥੇ ਪੁੱਜ ਜਾਂਦੇ ਅਤੇ ਪ੍ਰੇਮੀ-ਜਨਾਂ ਨਾਲ ਬਚਨ ਬਿਲਾਸ ਵੀ ਕਰ ਆਉਂਦੇ। ਪ੍ਰੇਮੀ-ਜਨਾਂ ਨੂੰ ਇੰਝ ਪ੍ਰਤੀਤ ਹੁੰਦਾ ਕਿ ਬਾਬਾ ਜੀ ਸ਼ਾਖ਼ਸਾਤ ਸਰੀਰਕ ਰੂਪ ਵਿੱਚ ਮੇਰੇ ਨਾਲ ਗੱਲ-ਬਾਤ ਕਰ ਰਹੇ ਹਨ।

ਇੱਕ ਸਮੇਂ ਸ਼ਾਮ ਦਾ ਵਕਤ ਸੀ, ਬਾਬਾ ਜੀ ਆਪਣੇ ਰਹਾਇਸ਼ੀ ਕਮਰੇ ਵਿੱਚ ਸੋ-ਦਰੁ ਦਾ ਪਾਠ ਕਰ ਕੇ ਸਿਮਰਨ ਕਰ ਰਹੇ ਸਨ ਕਿ ਬਾਬਾ ਜੀ ਦਾ ਧਿਆਨ ਅਚਾਨਕ ਉਸ ਪ੍ਰੇਮੀ ਵੱਲ ਗਿਆ ਜੋ ਬਾਬਾ ਜੀ ਦੇ ਕਾਫ਼ੀ ਨੇੜੇ ਦਾ ਸੰਗਤੀ ਸੀ। ਧਿਆਨ ਵਿੱਚ ਦੇਖਿਆ ਕਿ ਉਹ ਪ੍ਰੇਮੀ ਆਚਰਣ ਤੋਂ ਡਿੱਗਣ ਵਾਸਤੇ ਘਰੋਂ ਤੁਰ ਪਿਆ ਹੈ ਅਤੇ ਮਨ ਵਿੱਚ ਕਾਮ-ਪੂਰਤੀ ਦਾ ਫੁਰਨਾ ਕਾਫ਼ੀ ਪ੍ਰਬਲ ਹੈ। ਬਾਬਾ ਜੀ ਨੇ ਸੋਚਿਆ ਕਿ ਜੇਕਰ ਕੋਈ ਯਤਨ ਨਾ ਕੀਤਾ ਗਿਆ ਤਾਂ ਹੋ ਸਕਦਾ ਹੈ ਕਿ ਗੁਰੂ ਵਾਕ ਅਨੁਸਾਰ

"ਨਿਮਖ ਕਾਮ ਸੁਆਦ ਕਾਰਣਿ
ਕੋਟਿ ਦਿਨਸ ਦੁਖੁ ਪਾਵਹਿ।।" (ਪੰਨਾ ੪੦੩)

ਅਤੇ ਇਹ ਭੈੜਾ ਫੁਰਨਾ, ਜੋ ਸਾਕਾਰ ਹੋਣ ਲਈ ਸਰੀਰ ਨੂੰ ਲੈ ਤੁਰਿਆ ਹੈ ਪਤਾ ਨਹੀਂ ਕਿਸ ਖੂਹ-ਖਾਤੇ ਵਿੱਚ ਸੁੱਟ ਦੇਵੇ। ਸਾਡਾ ਮੁਹੱਬਤੀ ਹੈ, ਸੋ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਇਸਦਾ ਬਚਾਉ ਕਰੀਏ। ਗੁਰੂ-ਚਰਨਾਂ ਵਿੱਚ ਬੇਨਤੀ ਕੀਤੀ ਅਤੇ ਸੂਖਮ ਸਰੀਰ ਨਾਲ (ਜੋ ਆਤਮਾ, ਸਥੂਲ ਸਰੀਰ ਤੋਂ ਵੱਖ ਕਰਕੇ ਬਣਿਆ ਸੀ) ਸਰਗੋਧੇ ਤੋਂ ਲਾਹੌਰ ਪੁੱਜ ਕੇ ਉਸ ਸੜਕ ਤੇ ਉਸ ਪ੍ਰੇਮੀ ਨੂੰ ਅੱਗੇ ਹੋ ਮਿਲੇ ਜਿਸ ਸੜਕ ਤੇ ਉਹ ਪ੍ਰੇਮੀ ਵਾਹੋ-ਦਾਹੀ ਬੁਰੀ ਪ੍ਰੇਰਨਾ ਅਧੀਨ ਤੁਰਿਆ ਜਾ ਰਿਹਾ ਸੀ। ਜਾ ਪੁੱਛਿਆ ਕਿ *"ਭਾਈ ਜੀ! ਕਿਧਰ ਚੱਲੇ ਹੋ? ਅਸੀਂ ਤਾਂ ਤੁਹਾਨੂੰ ਮਿਲਣ ਆਏ ਸਾਂ।"* ਬਾਬਾ ਜੀ ਨੂੰ ਸਾਹਮਣੇ ਤੱਕ, ਤੇ ਬਚਨ ਸੁਣ ਕੇ ਸਰੀਰ ਪਾਣੀਉਂ-ਪਾਣੀ ਹੋ ਗਿਆ ਅਤੇ ਭੈੜੇ ਫੁਰਨੇ ਉੱਪਰ ਪਾਣੀ ਫਿਰ ਗਿਆ। ਉਹ ਪ੍ਰੇਮੀ ਬਾਬਾ ਜੀ ਨਾਲ ਵਾਪਸ ਘਰ ਨੂੰ ਟੁਰ ਪਿਆ, ਜਦੋਂ ਘਰ ਦੇ ਨਜ਼ਦੀਕ ਪੁੱਜੇ ਤਾਂ ਉਹ ਪ੍ਰੇਮੀ ਅੱਗੇ-ਪਿੱਛੇ ਤੱਕੇ ਪਰ ਬਾਬਾ ਜੀ ਤਾਂ ਆਪਣਾ ਫ਼ਰਜ਼ ਨਿਭਾ ਕੇ ਵਾਪਸ ਆਪਣੇ ਪੰਜ-ਭੂਤਕ ਸਥੂਲ ਸਰੀਰ ਵਿੱਚ ਸਰਗੋਧੇ ਆ ਚੁੱਕੇ ਸਨ। ਮਨ ਵਿੱਚੋਂ ਭੈੜਾ ਫੁਰਨਾ ਤਾਂ ਦਰਸ਼ਨਾਂ ਨਾਲ ਹੀ ਨਿਕਲ ਚੁੱਕਾ ਸੀ, ਹੁਣ ਤਾਂ ਪਛਤਾਵਾ ਹੀ ਮਨ ਨੂੰ ਲਾਹਨਤਾਂ ਪਾ ਰਿਹਾ ਸੀ। ਘਰ ਆਰਾਮ ਕੀਤਾ ਤੇ ਅਗਲੇ ਦਿਨ ਉਹ ਪ੍ਰੇਮੀ ਲਾਹੌਰ ਤੋਂ ਚੱਲ ਕੇ ਸਰਗੋਧੇ ਬਾਬਾ ਜੀ ਪਾਸ ਮੁਆਫ਼ੀ ਮੰਗਣ ਵਾਸਤੇ ਪੁੱਜਾ। ਬਾਬਾ ਜੀ ਨੇ ਗੁਰੂ ਸਿੱਖਿਆ ਨੂੰ ਹਿਰਦੇ ਵਿੱਚ ਦ੍ਰਿੜ ਕਰਨ ਲਈ ਪ੍ਰੇਰਨਾ ਦਿੱਤੀ ਤੇ ਕਿਹਾ ਕਿ ਅਗਾਂਹ ਤੋਂ ਕੋਈ ਐਸਾ ਭੈੜਾ ਸੰਕਲਪ ਜੇਕਰ ਬਣੇ ਤਾਂ ਉਸ ਵੇਲੇ ਹੀ ਸਤਿਗੁਰੂ ਜੀ ਨੂੰ ਹਾਜ਼ਰ-ਨਾਜ਼ਰ ਜਾਣ ਕੇ ਕਿ ਸਾਡਾ ਗੁਰੂ (ਸਦ ਸੁਣਦਾ ਸਦ ਵੇਖਦਾ) ਅੰਤਰਜਾਮੀ ਹੈ, ਉਸ ਅੱਗੇ ਅਰਦਾਸ ਕਰਨੀ। ਜੋ ਵੀ ਆਂਪਾਂ ਮਾੜੇ ਜਾਂ ਚੰਗੇ ਕਰਮ ਕਰਦੇ ਹਾਂ, ਸਾਡੇ ਸਾਰੇ ਹੀ ਕੀਤੇ ਕਰਮਾਂ ਨੂੰ ਉਹ ਪ੍ਰਤੱਖ ਵੇਖਦਾ ਹੈ :

ਅੰਦਰਿ ਕਮਾਣਾ ਸਰਪਰ ਉਘੜੈ
ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ।।
(ਮ: ੪, ਪੰਨਾ ੩੧੬)

ਉਹ ਤਾਂ : ਘਟ ਘਟ ਕੇ ਅੰਤਰ ਕੀ ਜਾਨਤ।।
ਭਲੇ ਬੁਰੇ ਕੀ ਪੀਰ ਪਛਾਨਤ।।
(ਬੇਨਤੀ, ਚੌਪਈ ਪਾ: ੧੦)

ਮਨੁੱਖ ਮਾੜਾ ਕਰਮ ਉਸ ਵੇਲੇ ਕਰਦਾ ਹੈ ਜਦੋਂ ਇਹ ਜਾਣੇ ਕਿ ਉਸ ਨੂੰ ਕੋਈ ਵੇਖਦਾ ਨਹੀਂ ਹੈ। ਪਰ ਜੇ ਮਨ 'ਚ ਸਤਿਗੁਰੂ ਜੀ ਦਾ ਫ਼ੁਰਮਾਨ ਯਾਦ ਆ ਜਾਵੇ ਤਦ ਮਾੜੇ ਕਰਮ ਤੋਂ ਇਹ ਜੀਵ ਬਚ ਸਕਦਾ ਹੈ :

ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ।।
ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ।।
(ਸਿਰੀ ਰਾਗੁ ਮ: ੫, ਪੰਨਾ ੪੮)

ਅਤੇ ਅਨਿਕ ਪੜਦੇ ਮਹਿ ਕਮਾਵੈ ਵਿਕਾਰ।।
ਖਿਨ ਮਹਿ ਪ੍ਰਗਟ ਹੋਹਿ ਸੰਸਾਰ।।
(ਗਉੜੀ ਮ: ੫, ਪੰਨਾ ੧੯੪)

ਮਾੜੇ ਕਰਮ ਮਨੁੱਖ ਨੂੰ ਜਨਮਾਂ ਦੇ ਗੇੜ ਵਿੱਚ ਪਾ ਦਿੰਦੇ ਹਨ, ਜੀਵ ਗੁਰੂ ਦਰ ਅਰਦਾਸ ਹੀ ਕਰਦਾ ਰਹੇ ਤਦ ਸਤਿਗੁਰੂ ਜੀ ਰਹਿਮ ਕਰ ਦਿੰਦੇ ਹਨ। ਗੁਰੂ ਪਾਤਸ਼ਾਹ ਜੀ ਦਾ ਹੁਕਮ ਵੀ ਹੈ :

ਜੀਅ ਕੀ ਬਿਰਥਾ ਹੋਇ ਸੁ
ਗੁਰ ਪਹਿ ਅਰਦਾਸਿ ਕਰਿ।।
ਛੋਡਿ ਸਿਆਣਪ ਸਗਲ
ਮਨੁ ਤਨੁ ਅਰਪਿ ਧਰਿ।।
(ਮਹਲਾ ੫, ਪੰਨਾ ੫੧੯)

ਆਪਾ ਸਮਰਪਤ ਕਰਕੇ ਸੱਚੇ ਦਿਲੋਂ ਕੀਤੀ ਅਰਦਾਸ ਨਾਲ ਸਰਬ ਕਾਰਜ ਰਾਸ ਹੁੰਦੇ ਹਨ ਅਤੇ ਮਨੁੱਖ ਗੁਰੂ ਦੀ ਕਿਰਪਾ ਦਾ ਪਾਤਰ ਬਣ ਜਾਂਦਾ ਹੈ। ਇਸ ਪ੍ਰਕਾਰ ਬਾਬਾ ਜੀ ਪਾਸੋਂ ਇਹ ਗੁਰ-ਉਪਦੇਸ਼ ਸੁਣ ਕੇ



www.AKJ.Org

ਉਸ ਪ੍ਰੇਮੀ ਨੇ ਪਿਛਲਾ ਪਛੁਤਾਵਾ ਕੀਤਾ ਅਤੇ ਅਗਾਂਹ ਤੋਂ ਸਾਵਧਾਨ ਹੋ ਕੇ ਗੁਰੂ-ਆਸ਼ੇ ਅਨੁਸਾਰ ਚੱਲਣ ਲਈ ਵਚਨ-ਬੱਧ ਹੋਇਆ।

**ਅਜਿਹੀ ਇੱਕ ਹੋਰ ਘਟਨਾ**

ਦਾਸ, ਇੱਕ ਹੋਰ ਘਟਨਾ ਜੋ 1953 ਈ: ਦੇ ਕਰੀਬਨ ਦੀ ਹੈ, ਇਥੇ ਲਿਖਣੀ ਅਯੋਗ ਨਹੀਂ ਸਮਝੇਗਾ।

ਉਹ ਘਟਨਾ ਇਸ ਪ੍ਰਕਾਰ ਹੈ ਕਿ ਇਕ ਗੁਰਮੁਖ ਪਰਿਵਾਰ ਜੋ ਬਾਬਾ ਜੀ ਦਾ ਸੰਗਤੀ ਸੀ, ਜਲੰਧਰ ਮਾਡਲ ਟਾਊਨ ਵਿੱਚ ਰਹਿੰਦਾ ਸੀ। ਉਨ੍ਹਾਂ ਦੇ ਤਿੰਨ ਬੱਚੇ ਸਨ : ਦੋ ਲੜਕੀਆਂ ਅਤੇ ਇਕ ਲੜਕਾ। ਉਨ੍ਹਾਂ ਨੇ ਆਪਣੇ ਭੁਝੰਗੀ ਦਾ ਵਿਆਹ ਇੰਗਲੈਂਡ ਵਿੱਚ ਕਰ ਦਿੱਤਾ। ਸਰਦਾਰਾਂ ਦੇ ਘਰ ਦਾ ਹੋਣ ਕਾਰਨ ਉਸ ਬੱਚੇ ਨੇ ਹੱਥੀਂ ਬਹੁਤਾ ਕੰਮ-ਕਾਰ ਕੀਤਾ ਨਹੀਂ ਸੀ, ਪਰ ਬਦੇਸ਼ ਜਾ ਕੇ ਕਾਫ਼ੀ ਮਿਹਨਤ ਕਰਨੀ ਪਈ। ਦੂਸਰੇ ਘਰਦਿਆਂ ਦੇ ਪਿਆਰ ਦੀ ਘਾਟ ਕਾਰਨ ਬੱਚੇ ਦਾ ਮਨ ਇੰਗਲੈਂਡ 'ਚੋਂ ਉਪਰਾਮ ਹੋ ਗਿਆ ਤੇ ਉਸ ਨੇ ਆਪਣੀ ਮਾਤਾ ਨੂੰ ਪੱਤਰ ਪਾਇਆ ਕਿ ਇਸ ਮੁਲਕ ਵਿੱਚ ਮੇਰਾ ਮਨ ਨਹੀਂ ਲੱਗਦਾ ਸੋ ਮੈਂ ਜਲਦੀ ਹੀ ਵਾਪਸ ਆ ਰਿਹਾ ਹਾਂ।

ਇਹ ਪੱਤਰ ਲੈ ਕੇ ਬੀਬੀ ਬਾਬਾ ਜੀ ਪਾਸ ਆਈ ਤੇ ਪੱਤਰ ਸੁਣਾਇਆ। ਨਾਲ ਹੀ ਬੇਨਤੀ ਕੀਤੀ ਕਿ ਬੜੇ ਯਤਨ ਨਾਲ ਅਸੀਂ ਇਸ ਲੜਕੇ ਨੂੰ ਬਾਹਰ ਭੇਜਿਆ ਹੈ, ਉਥੇ ਉਸ ਦਾ ਮਨ ਨਹੀਂ ਲੱਗਦਾ ਤੇ ਵਾਪਿਸ ਆ ਜਾਣ ਬਾਰੇ ਪੱਤਰ ਲਿਖਿਆ ਹੈ। ਜੇ ਉਹ ਵਾਪਿਸ ਆ ਗਿਆ ਤਦ ਉਸਦੀ ਘਰ ਵਾਲੀ ਨੂੰ ਵੀ ਐਧਰ ਹੀ ਆਉਣਾ ਪਵੇਗਾ ਅਤੇ ਜੇ ਉਹ ਐਧਰ ਨਾ ਆਈ ਤਦ ਸਾਰਾ ਪਰਿਵਾਰ ਉਲਝਣ ਵਿਚ ਪੈ ਜਾਵੇਗਾ। ਸੋ ਕ੍ਰਿਪਾ ਕਰਕੇ ਆਪ ਜੀ ਕੋਈ ਉਪਾਅ ਕਰਨ ਦੀ ਖੇਚਲ ਕਰੋ ਜੀ।

ਬਾਬਾ ਜੀ ਕਹਿਣ ਲੱਗੇ ਕਿ ਬੀਬੀ, ਤੁਸੀਂ ਉਦਾਸ ਨਾ ਹੋਵੋ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਭਾਵਨੀ ਸਹਿਤ ਕਰੋ ਕਿਉਂਕਿ ਸਤਿਗੁਰੂ ਜੀ, ਜਾਗਦੀ ਜੋਤ, ਦਸਾਂ ਪਾਤਸ਼ਾਹੀਆਂ ਦਾ ਪ੍ਰਤੱਖ ਸਰੂਪ ਹਨ। ਦੂਸਰੇ ਹਰ ਰੋਜ਼ ਆਪਣੇ ਨਿੱਤਨੇਮ ਤੋਂ ਇਲਾਵਾ ਪੰਜ ਪਾਠ ਜਪੁ ਜੀ ਸਾਹਿਬ ਦੇ ਪ੍ਰੇਮ ਨਾਲ ਕਰ ਕੇ ਬੱਚੇ ਦੇ ਨਮਿਤ ਅਰਦਾਸ ਕਰਿਆ ਕਰੋ, ਸਤਿਗੁਰੂ ਜੀ ਕ੍ਰਿਪਾ ਕਰਨਗੇ। ਸੋ ਬੀਬੀ ਨੇ ਬਚਨ ਮੰਨ ਕੇ ਗੁਰੂ-ਚਰਨਾਂ ਵਿਚ ਅਰਦਾਸ ਕੀਤੀ ਅਤੇ ਵਾਪਿਸ ਜਲੰਧਰ ਚਲੀ ਗਈ।

ਕੋਈ ਦੋ ਕੁ ਹਫ਼ਤੇ ਪਿੱਛੋਂ ਉਹ ਬੀਬੀ ਬੜੀ ਪ੍ਰਸੰਨ ਚਿਤ ਮੁੜ ਆਪ ਜੀ ਪਾਸ ਆਈ। ਗੁਰ ਫ਼ਤਿਹ ਬੁਲਾਉਣ ਉਪ੍ਰੰਤ ਬਾਬਾ ਜੀ ਨੇ ਪੁੱਛਿਆ ਕਿ ਬੀਬੀ ਜੀ, ਸੁਣਾਉ ਕੋਈ ਕਾਕੇ ਦਾ ਖ਼ਤ ਪੱਤਰ ਆਇਆ ਹੈ ? ਬੀਬੀ ਕਹਿਣ ਲੱਗੀ ਕਿ ਆਪ ਜੀ ਨੇ ਬੜੀ ਕ੍ਰਿਪਾ ਕੀਤੀ ਹੈ, ਉਸਦਾ ਪੱਤਰ ਲੈ ਕੇ ਆਈ ਹਾਂ। ਇਹ ਜੋ ਪੱਤਰ ਉਸਨੇ ਲਿਖਿਆ ਹੈ ਸਾਡੀ ਸਮਝ ਵਿਚ ਨਹੀ ਆਉਂਦਾ। ਬਾਬਾ ਜੀ ਨੇ ਉਹ ਪੱਤਰ ਜੋ ਬੀਬੀ ਨੇ ਦਿੱਤਾ, ਦਾਸ ਨੂੰ ਪੜ੍ਹਨ ਲਈ ਹੁਕਮ ਕੀਤਾ। ਉਸ ਪੱਤਰ ਵਿਚ ਉਸ ਲੜਕੇ ਨੇ ਫਤਿਹ ਉਪ੍ਰੰਤ ਆਪਣੀ ਮਾਤਾ ਨੂੰ ਲਿਖਿਆ ਸੀ ਕਿ ਜਿਵੇਂ ਮੈ ਪਹਿਲੇ, ਵਾਪਿਸ ਇੰਡੀਆ ਆ ਜਾਣ ਬਾਰੇ ਆਪਣਾ ਮਨ ਬਣਾ ਲਿਆ ਸੀ। ਪਿਛਲੇ ਸੋਮਵਾਰ ਮੈ ਉਦਾਸ ਮਨ ਕਾਰਨ ਛੁੱਟੀ ਲੈ ਕੇ ਇਕ ਪਾਰਕ ਵਿਚ ਪਾਠ ਕਰ ਰਿਹਾ ਸਾਂ ਕਿ ਮੇਰੇ ਪਾਸ ਰਾਮਪੁਰ ਖੇੜੇ ਵਾਲੇ ਬਾਬਾ ਜੀ ਆਏ ਅਤੇ ਅੱਧੇ ਘੰਟੇ ਦੇ ਕਰੀਬਨ ਮੇਰੇ ਨਾਲ ਬਚਨ ਕੀਤੇ। ਮੈਂ ਉਹਨਾਂ ਨੂੰ ਆਪਣੇ ਉਦਾਸ ਮਨ ਅਤੇ ਵਾਪਿਸ ਇੰਡੀਆ 'ਚ ਆ ਜਾਣ ਬਾਰੇ ਦੱਸਿਆ ਸੀ ਸੋ ਉਹਨਾਂ ਨੇ ਮੈਨੂੰ ਕਾਫ਼ੀ ਸਮਝਾਇਆ ਅਤੇ ਕਿਹਾ ਕਿ ਵਾਪਸ ਜਾਣ ਦੀ ਲੋੜ ਨਹੀਂ। ਜਦ ਮਨ ਉਦਾਸ ਹੋਵੇ ਤਦ ਪਾਠ-ਸਿਮਰਨ ਕਰਕੇ ਗੁਰੂ-ਚਰਨਾਂ ਵਿਚ ਅਰਦਾਸ ਕਰਿਆ ਕਰੋ। ਸੋ ਉਸ ਦਿਨ ਤੋਂ ਮੇਰਾ ਮਨ ਬਿਲਕੁਲ ਠੀਕ ਹੈ, ਮੈਂ ਕੰਮ ਤੇ ਵੀ ਪੂਰਾ ਸਮਾਂ ਜਾਂਦਾ ਹਾਂ ਅਤੇ ਜੋ ਵਾਪਿਸ ਇੰਡੀਆ ਆ ਜਾਣ ਬਾਰੇ ਤੁਹਾਨੂੰ ਲਿਖਿਆ ਸੀ- ਸੋ ਹੁਣ ਮੈਂ ਫ਼ੈਸਲਾ ਬਦਲ ਲਿਆ ਹੈ, ਤੁਸੀਂ ਕਿਸੇ ਕਿਸਮ ਦਾ ਫ਼ਿਕਰ ਨਹੀਂ ਕਰਨਾ। ਮੈਂ ਬਾਬਾ ਜੀ ਦੇ ਦਰਸ਼ਨ ਕਰ ਕੇ ਐਨਾ ਪ੍ਰਭਾਵਿਤ ਹੋਇਆ ਕਿ ਮੈਂ ਪੁੱਛ ਵੀ ਨਹੀਂ ਸਕਿਆ ਕਿ ਉਹ ਕਿੱਥੇ ਠਹਿਰੇ ਹੋਏ ਹਨ ? ਸੋ ਤੁਸੀਂ ਗੁਰਦੁਆਰਾ ਸਾਹਿਬ ਜਾ ਕੇ ਸੇਵਾਦਾਰਾਂ ਪਾਸੋਂ ਇਹ ਪਤਾ ਕਰ ਕੇ ਵਾਪਸੀ ਡਾਕ ਲਿਖਣਾ ਕੇ ਬਾਬਾ ਜੀ ਕਿੱਥੇ, ਕਿਸ ਪਾਸ ਰਹਿ ਰਹੇ ਹਨ ? ਅਤੇ ਉਹਨਾਂ ਕਿੰਨਾ ਚਿਰ ਇੰਗਲੈਂਡ ਰਹਿਣਾ ਹੈ ?

ਇਸ ਤਰ੍ਹਾਂ ਜੋ ਪੱਤਰ ਲਿਖਿਆ ਸੀ, ਮੈਂ ਬਾਬਾ ਜੀ ਨੂੰ ਪੜ੍ਹ ਕੇ ਸੁਣਾ ਦਿੱਤਾ ਪੱਤਰ ਸੁਣ ਕੇ ਬਾਬਾ ਜੀ ਨੇ ਇਹ ਖਤ ਮੇਰੇ ਪਾਸੋਂ ਲੈ ਕੇ ਪਾੜ ਸੁਟਿਆ ਤੇ ਬੀਬੀ ਨੂੰ ਹਦਾਇਤ ਕੀਤੀ ਕਿ ਇਹ ਗੱਲ ਅਗਾਂਹ ਕਿਸੇ ਨੂੰ ਨਹੀਂ ਦੱਸਣੀ, ਕਾਕੇ ਨੂੰ ਕਹਿਣਾ ਕਿ ਗੁਰਬਾਣੀ ਦਾ ਪਾਠ ਕਰਿਆ ਕਰੇ ਅਤੇ ਜੋ ਤੁਹਾਨੂੰ ਜਪੁਜੀ ਸਾਹਿਬ ਦਾ ਪਾਠ ਦੱਸੇ ਹਨ ਉਹ ਵੀ ਜ਼ਰੂਰ ਕਰੀ ਜਾਣੇ। ਬਾਕੀ ਸਾਡੇ ਪ੍ਰਥਾਇ ਕਾਕੇ ਨੂੰ ਕੁਝ ਨਹੀਂ ਲਿਖਣਾ। ਇੰਨੇ ਬਚਨ ਕਰਦੇ ਹੋਏ ਬਾਬਾ ਜੀ ਮੰਜੇ ਤੋਂ ਉੱਠੇ ਅਤੇ ਉਹ ਪੱਤਰ ਜੋ ਪਾੜ ਕੇ ਹੱਥ ਵਿਚ ਫੜਿਆ ਹੋਇਆ ਸੀ ਚੁੱਲ੍ਹੇ ਦੀ ਬਲਦੀ ਅੱਗ ਵਿਚ ਸਾੜ ਦਿੱਤਾ। *****



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਡਾ: ਕੁਲਦੀਪ ਸਿੰਘ ਹਉਰਾ)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪੰਥ ਖਾਲਸਾ ਦੇ ਆਦਰਸ਼ਕ-ਜੀਵਨ ਵਾਲੇ ਅਨੁਭਵੀ ਗੁਰਸਿੱਖ ਸਨ। ਆਪ ਨੇ ਆਪਣੀਆਂ ਰੂਹਾਨੀ ਪ੍ਰਾਪਤੀਆਂ ਹੋਰ ਗੁਰਸਿੱਖ ਪਰਿਵਾਰਾਂ ਨਾਲ ਵੀ ਸਾਂਝੀਆਂ ਕੀਤੀਆਂ, ਕੇਵਲ ਆਪਣੇ ਤੱਕ ਹੀ ਸੀਮਿਤ ਨਾ ਰੱਖੀਆਂ।

ਜਦ ਆਪ ਦੇ ਗਗਨ ਮੰਡਲ ਵਿੱਚ ਅਨਹਦ-ਧੁਨਿ ਵੱਜੀ ਤਾਂ ਆਪ ਨੂੰ ਗੁਰਬਾਣੀ ਦੀਆਂ ਵਿਸਮਾਦੀ ਧੁਨੀਆਂ ਸੁਰਤਿ-ਸਰਵਣਾਂ ਦੁਆਰਾ ਸੁਣਾਈ ਦਿੱਤੀਆਂ। ਇਸ ਤੇ ਆਪ ਦੇ ਅਨੁਭਵ ਵਿੱਚ ਗੁਰਬਾਣੀ-ਕੀਰਤਨ ਦੀ ਮਹੱਤਤਾ ਪ੍ਰਗਟ ਹੋਈ। ਗੁਰੂ ਅਰਜਨ ਸਾਹਿਬ ਦੇ ਕਥਨ "ਕਲਜੁਗ ਮਹਿ ਕੀਰਤਨੁ ਪਰਧਾਨਾ।। ਗੁਰਮੁਖਿ ਜਪੀਐ ਲਾਇ ਧਿਆਨਾ।।" ਦਾ ਆਪ ਨੂੰ ਅੰਤਰ-ਆਤਮੇ ਅਨੁਭਵ ਹੋਇਆ, ਤਾਂ ਆਪ ਨੇ ਸ਼ਬਦ ਨਾਲ ਸੁਰਤਿ ਜੋੜ ਕੇ, ਗੁਰਬਾਣੀ ਦਾ ਨਿਰਬਾਣ ਕੀਰਤਨ ਕਰਨਾ ਆਰੰਭਿਆ। ਸਮਾਂ ਪਾ ਕੇ ਕੀਰਤਨ ਆਪ ਦਾ ਜੀਵਨ ਆਧਾਰ ਬਣ ਗਿਆ ਤੇ ਆਪ ਦਿਨ ਰਾਤ ਕੀਰਤਨ ਦੇ ਅਨੰਦਮਈ ਵਾਯੂਮੰਡਲ ਦਾ ਰਸ ਮਾਨਣ ਲੱਗੇ। ਇਸ ਤਰ੍ਹਾਂ ਕੀਰਤਨ ਕਰਨ ਅਥਵਾ ਸ੍ਰਵਣ ਸੁਨਣ ਦਾ ਜੋ ਵਿਸਮਾਦੀ ਰੰਗ ਆਪ ਜੀ ਉਤੇ ਚੜ੍ਹਿਆ, ਉਸ ਦਾ ਆਪ ਜੀ ਦੇ ਨਿਕਟਵਰਤੀਆਂ ਉੱਤੇ ਵੀ ਪ੍ਰਭਾਵ ਪਿਆ ਤੇ ਉਹ ਆਪ ਜੀ ਦੇ ਅੰਨਿਨ ਪ੍ਰੇਮੀ ਬਣਦੇ ਗਏ। ਇਸ ਤਰ੍ਹਾਂ ਸਹਿਜੇ ਸਹਿਜੇ ਅਖੰਡ ਕੀਰਤਨ ਦਾ ਨਿਰਮਾਣ ਹੋ ਗਿਆ, ਜੋ ਭਾਈ ਸਾਹਿਬ ਦੀ ਪੰਥ ਨੂੰ ਵੱਡਮੁੱਲੀ ਦੇਣ ਹੈ ਤੇ ਪੰਥ ਦਾ ਅਮੋਲ ਵਿਰਸਾ ਹੈ।

ਨਿਰਬਾਣ ਕੀਰਤਨ ਜੱਥੇ ਵਿੱਚ ਕੇਵਲ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਹੀ ਸ਼ਾਮਲ ਨਹੀਂ, ਸਗੋਂ ਸਿੰਘਣੀਆਂ ਵੀ ਬਰਾਬਰ ਦੀਆਂ ਭਾਈਵਾਲ ਹਨ। ਇਹ ਸਿੰਘ-ਸਿੰਘਣੀਆਂ ਦੋਹਰੇ-ਦਸਤਾਰੇ ਸਜਾਈ ਤੇ ਖਾਲਸਈ ਬਾਣੇ ਵਿੱਚ ਜਦੋਂ ਕੀਰਤਨ ਕਰਦੇ ਹਨ ਤਾਂ ਸਰੋਤਿਆਂ ਉੱਤੇ ਅਨੰਦਮਈ ਪ੍ਰਭਾਵ ਪੈਂਦਾ ਹੈ।

ਅਖੰਡ ਕੀਰਤਨੀ ਜੱਥੇ ਦਾ ਕੀਰਤਨ ਕਰਨ ਦਾ ਢੰਗ ਵੀ ਅਨੋਖਾ, ਵਿਲੱਖਣ ਤੇ ਸਰੋਤਿਆਂ ਦੇ ਮਨਾਂ ਨੂੰ ਟੁੰਬਣ ਵਾਲਾ ਹੁੰਦਾ ਹੈ। ਤਰਜ਼ਾਂ ਸਾਧਾਰਣ ਤੇ ਸੌਖੀਆਂ ਹੋਣ ਕਰਕੇ, ਸਮੂੰਹ ਸੰਗਤਾਂ ਕੀਰਤਨ ਦਾ ਰਸ ਮਾਣਦੀਆਂ ਹੋਈਆਂ, ਆਪ ਵੀ ਹਰ-ਜਸ ਗਾਇਣ ਕਰਨ ਵਿੱਚ ਸ਼ਾਮਲ ਹੋ ਜਾਂਦੀਆਂ ਹਨ। ਉਹ ਦ੍ਰਿਸ਼ ਸਤਿਜੁਗੀ ਹੁੰਦਾ ਹੈ। ਹਰ ਕੀਰਤਨੀਏ ਦੀ ਇੱਛਿਆ ਹੁੰਦੀ ਹੈ ਕਿ ਉਹ ਨਵੇਂ ਨਵੇਂ ਸ਼ਬਦ ਸੰਗਤਾਂ ਨੂੰ ਸੁਣਾ ਕੇ, ਆਪ ਵੀ ਖੇੜੇ ਵਿੱਚ ਆਵੇ ਤੇ ਸਰੋਤਿਆਂ ਦੀਆਂ ਖੁਸ਼ੀਆਂ ਵੀ ਪ੍ਰਾਪਤ ਕਰੇ। ਆਸਾ ਦੀ ਵਾਰ ਦੇ ਕੀਰਤਨ ਵਿੱਚ ਛੱਕਿਆ ਦੇ ਭਾਵਾਂ ਨਾਲ ਮੇਲ ਖਾਂਦੇ ਸ਼ਬਦ ਪੜ੍ਹਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਦਿਵਸ-ਸੁਹੇਲੇ ਤੇ ਰੈਣ ਸਬਾਈ ਸਮਾਗਮਾਂ ਵਿੱਚ ਖਾਸ ਪ੍ਰਕਰਣਾਂ ਸਬੰਧੀ ਮੇਲ ਖਾਂਦੇ ਸ਼ਬਦ ਪੜ੍ਹਨ ਦੀ ਪਰੰਪਰਾ ਹੈ। ਇਨ੍ਹਾਂ ਸਮਾਗਮਾਂ ਉੱਤੇ ਲੈਕਚਰ-ਬਾਜ਼ੀ ਜਾਂ ਵਿਆਖਿਆ ਨਹੀਂ ਕੀਤੀ ਜਾਂਦੀ, ਸਗੋਂ ਸ਼ਬਦਾਂ ਦੁਆਰਾ ਹੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਅਖੰਡ ਕੀਰਤਨੀ ਜੱਥੇ ਵਿੱਚ ਹਰ ਵਰਗ ਦੇ ਵਿਅਕਤੀ ਸ਼ਾਮਲ ਹਨ: ਪ੍ਰੋਫੈਸਰ, ਡਾਕਟਰ, ਇੰਜੀਨੀਅਰ, ਸਿਵਲ ਤੇ ਮਿਲਟਰੀ ਅਫਸਰ, ਵਪਾਰੀ ਤੇ ਪਿੰਡਾਂ ਦੇ ਕਿਰਸਾਨ ਆਦਿ ਸਭ ਸ਼ਾਮਲ ਹੁੰਦੇ ਹਨ। ਅਖੰਡ ਕੀਰਤਨੀ ਜੱਥੇ ਦੇ ਮੈਂਬਰਾਂ ਦੀ ਪਛਾਣ ਹੈ, ਸਿੰਘਾਂ ਦਾ ਪ੍ਰਕਾਸ਼ ਹੋਇਆ ਦਾਹੜਾ, ਸੁਰਮਈ ਦੂਹਰਾ-ਦਸਤਾਰਾ ਤੇ ਸਿੰਘਣੀਆਂ ਦੇ ਸੀਸਾਂ 'ਤੇ ਕੇਸਕੀਆਂ, ਗਾਤਰੇ ਕਿਰਪਾਨਾਂ ਤੇ ਸਮੁੱਚਾ ਪਹਿਰਾਵਾ ਗੁਰਮੁਖੀ।

ਇਹ ਲੋਕ ਕੀਰਤਨ ਕਿੱਤੇ ਦੇ ਤੌਰ 'ਤੇ ਨਹੀਂ ਕਰਦੇ, ਸਗੋਂ ਮਾਨਸਿਕ ਚੜ੍ਹਦੀ ਕਲਾ ਤੇ ਸ਼ਾਂਤੀ ਲਈ ਕਰਦੇ ਹਨ। ਅਖੰਡ ਕੀਰਤਨੀ ਜੱਥਿਆਂ ਦੇ ਸਮਾਗਮਾਂ ਵਿੱਚ ਆਮ ਤੌਰ 'ਤੇ, ਗੁਰਸਿੱਖ ਪਰਿਵਾਰਾਂ ਨੂੰ ਅੰਮ੍ਰਿਤ ਛਕਾ ਕੇ, ਗੁਰੂ ਵਾਲੇ ਬਣਨ ਦੀ ਪ੍ਰੇਰਨਾ ਕੀਤੀ ਜਾਂਦੀ ਹੈ। ਇਸ ਜੱਥੇ ਦੀ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਦੇ ਪਰਵਾਰਾਂ ਦੇ ਨੌਜਵਾਨ ਵੀ ਪੂਰੀ ਰਹਿਤ ਬਹਿਤ ਦੇ ਧਾਰਨੀ ਹਨ ਤੇ (ਅੱਜ ਦੇ ਯੁੱਗ ਵਿੱਚ) ਪਤਿਤ-ਪੁਣੇ ਜਾਂ ਨਸ਼ਿਆਂ ਦੇ ਸੇਵਨ ਕਰਨ ਤੋਂ ਬਚੇ ਹੋਏ ਹਨ। ਉਹ ਆਚਰਣਕ ਪੱਖੋਂ ਸੁੱਚੇ-ਸੁੱਚੇ ਗੁਰਸਿੱਖਾਂ ਦਾ ਨਮੂਨਾ ਹਨ। ਉਹ ਕੌਮ ਲਈ ਸਿਰਦਰਦੀ ਅਤੇ ਨਮੋਸ਼ੀ ਦਾ ਕਾਰਨ ਨਹੀਂ, ਸਗੋਂ ਪੰਥ ਦੀ ਸ਼ਾਨ ਨੂੰ ਬਰਕਰਾਰ ਰੱਖਣ ਵਿੱਚ ਹਰ ਪੱਖੋਂ ਸਹਾਈ ਸਿੱਧ ਹੁੰਦੇ ਹਨ।

ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਅਖੰਡ



www.AKJ.Org

ਕੀਰਤਨੀ ਜੱਥੇ ਦੇ ਸਿੰਘ-ਸਿੰਘਣੀਆਂ ਪੁਰਾਤਨ ਸਿੰਘਾਂ ਵਾਲੇ ਜੀਵਨ-ਨਿਸ਼ਾਨੇ ਨੂੰ ਕਾਇਮ ਰੱਖਦੇ ਹੋਏ, ਨਾਮ-ਅਭਿਆਸ ਤੇ ਕਕਾਰਾਂ ਦੀ ਰਹਿਤ ਦੇ ਧਾਰਨੀ ਹਨ। ਅਖੰਡ ਕੀਰਤਨੀ-ਜੱਥੇ ਦੀ ਇਹ ਮਹਾਨ ਪ੍ਰਾਪਤੀ ਤੇ ਗੌਰਵ ਵਾਲੀ ਗੱਲ ਹੈ।

ਭਾਈ ਰਣਧੀਰ ਸਿੰਘ ਜੀ ਨਾਰੰਗਵਾਲ, ਪ੍ਰਤਿਭਾਵਾਨ ਸ਼ਖਸੀਅਤ ਦੇ ਮਾਲਕ ਸਨ। ਉਹ ਸੱਚੇ-ਸੁੱਚੇ, ਤਿਆਰ-ਬਰ-ਤਿਆਰ, ਸੰਤ-ਸਿਪਾਹੀ, ਉੱਜਲ ਦੀਦਾਰੀ ਗੁਰਸਿੱਖ ਸਨ। ਨਾਮ-ਬਾਣੀ ਤੇ ਸਿਮਰਨ-ਅਭਿਆਸ ਕਰਨ ਕਰਕੇ ਆਪ ਦਾ ਜੀਵਨ ਬੜਾ ਪ੍ਰਭਾਵਸ਼ਾਲੀ ਸੀ। ਜੋ ਵਿਅਕਤੀ ਆਪ ਦੇ ਸੰਪਰਕ ਵਿੱਚ ਆਇਆ, ਆਪ ਤੋਂ ਪ੍ਰਭਾਵਿਤ ਹੋਏ ਬਗੈਰ ਨਾ ਰਹਿ ਸਕਿਆ। ਆਪ ਨੇ ਆਪਣੀ ਆਯੂ ਦਾ ਬਹੁਤ ਸਾਰਾ ਸਮਾਂ ਕੀਰਤਨ ਦਾ ਰਸ ਮਾਨਣ ਤੇ ਹੋਰਨਾਂ ਤੱਕ ਇਸ ਰਸ ਨੂੰ ਪਹੁੰਚਾਉਣ ਦਾ ਸਫਲ ਯਤਨ ਕੀਤਾ।

ਆਪ ਦਾ ਜਨਮ 7 ਜੁਲਾਈ, 1878 ਨੂੰ ਸ: ਨੱਥਾ ਸਿੰਘ ਦੇ ਘਰ ਮਾਤਾ ਪੰਜਾਬ ਕੌਰ ਦੀ ਕੁੱਖੋਂ ਨਾਰੰਗਵਾਲ, ਜ਼ਿਲਾ ਲੁਧਿਆਣਾ ਵਿੱਚ ਹੋਇਆ। ਆਪ ਦੇ ਪਿਤਾ ਨਾਭਾ ਹਾਈਕੋਰਟ ਦੇ ਜੱਜ ਸਨ। ਭਾਈ ਸਾਹਿਬ ਦਾ ਬਚਪਨ ਆਪਣੇ ਪਿੰਡ ਨਾਰੰਗਵਾਲ ਵਿੱਚ ਬੀਤਿਆ। 1900 ਵਿੱਚ ਆਪ ਨੇ ਬੀ. ਏ. ਪਾਸ ਕਰ ਲਈ। ਬਚਪਨ ਵਿੱਚ ਹੀ ਆਪ ਨੂੰ ਨਿਤਨੇਮ ਕਰਨ ਦੀ ਜੋ ਆਦਤ ਪਈ ਸੀ, ਉਹ ਪੜ੍ਹਾਈ ਤੇ ਨੌਕਰੀ ਦੇ ਦਿਨਾਂ ਵਿੱਚ ਵੀ ਕਾਇਮ ਰਹੀ।

1902 ਵਿੱਚ ਆਪ ਨਾਇਬ ਤਹਿਸੀਲਦਾਰ ਲੱਗ ਗਏ। ਆਪ ਆਪਣੀ ਡਿਊਟੀ, ਲਗਨ, ਦ੍ਰਿੜ੍ਹਤਾ ਤੇ ਈਮਾਨਦਾਰੀ ਨਾਲ ਨਿਭਾਹੁੰਦੇ ਰਹੇ। ਫਲਸਰੂਪ ਆਪ ਨੂੰ ਤਹਿਸੀਲਦਾਰ ਬਣਾਏ ਜਾਣ ਦੀ ਸਿਫਾਰਸ਼ ਕੀਤੀ ਗਈ ਪਰ ਸਰਕਾਰੀ ਮਸ਼ੀਨਰੀ ਵਿੱਚ ਬੇਈਮਾਨੀ, ਵੱਢੀਖੋਰੀ ਤੇ ਹੋਰ ਅਨੇਕਾਂ ਬੁਰਾਈਆਂ ਦੇਖ ਕੇ ਆਪ ਦਾ ਹਿਰਦਾ ਦੁੱਖੀ ਹੋਇਆ ਤੇ ਆਪ ਨੇ ਨੌਕਰੀ ਨਾ ਕਰਨ ਦਾ ਮਨ ਬਣਾ ਲਿਆ ਅਤੇ ਤਿਆਗ-ਪੱਤਰ ਦੇ ਦਿੱਤਾ।

14 ਜੂਨ 1903 ਨੂੰ ਆਪ ਅੰਮ੍ਰਿਤ ਛੱਕ ਕੇ, ਤਿਆਰ-ਬਰ-ਤਿਆਰ ਸਿੰਘ ਸਜ ਗਏ। ਗੁਰਬਾਣੀ ਦਾ ਪਾਠ, ਕੀਰਤਨ ਤੇ ਸਤਿਸੰਗ, ਆਪ ਦੇ ਜੀਵਨ ਦੇ ਆਧਾਰ ਬਣ ਗਏ।

1908 ਵਿੱਚ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਵਿਖੇ ਆਪ ਨੇ "ਖਾਲਸਾ ਦੀਵਾਨ" ਦਾ ਮੁੱਢ ਬੰਨ੍ਹਿਆ। 1908 ਤੋਂ 1914 ਤੱਕ ਦਾ ਸਮਾਂ ਆਪ ਨੇ ਸਤਿਸੰਗ ਸਮਾਗਮਾਂ, ਅਖੰਡ ਪਾਠਾਂ ਤੇ ਅਖੰਡ ਕੀਰਤਨ ਮੰਡਲਾਂ ਦਾ ਅਨੰਦ ਮਾਣਦਿਆਂ ਬਤੀਤ ਕੀਤਾ। 1914 ਵਿੱਚ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ-ਮੇਲੇ ਸਮੇਂ ਚਮਕੌਰ ਸਾਹਿਬ ਵਿੱਚ ਗੁਰਮਤਿ ਤੇ ਸਿੱਖ ਰਹਿਤ-ਰਹਿਤ ਮਰਯਾਦਾ ਤੋਂ ਉਲਟ ਕਾਰਵਾਈਆਂ ਹੁੰਦੀਆਂ ਵੇਖ ਕੇ, ਆਪ ਨੇ ਪੁਜਾਰੀਆਂ ਤੇ ਪ੍ਰਬੰਧਕਾਂ ਨੂੰ ਸੋਧ ਕੇ, ਗੁਰਧਾਮਾਂ ਦਾ ਕਬਜ਼ਾ ਤੇ ਪ੍ਰਬੰਧ ਪੰਥਕ-ਹੱਥਾਂ ਵਿੱਚ ਦਿੱਤਾ।

ਸਰਕਾਰ ਵਲੋਂ ਦਿੱਲੀ ਵਿਖੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣ ਸਮੇਂ ਜੋ ਮੋਰਚਾ ਪੰਥ ਵਲੋਂ ਲਾਇਆ ਗਿਆ ਤੇ ਜੋ ਸੰਘਰਸ਼ ਸਫਲਤਾ ਮਿਲਣ ਤੱਕ ਹੋਇਆ, ਉਸ ਵਿੱਚ ਭਾਈ ਸਾਹਿਬ ਦਾ ਯੋਗਦਾਨ ਅਤਿ ਮਹੱਤਵਪੂਰਨ ਸੀ।

ਜਦੋਂ ਅਮਰੀਕਾ ਤੇ ਕੈਨੇਡਾ ਵਿੱਚ ਗਦਰ-ਲਹਿਰ ਸ਼ੁਰੂ ਹੋਈ ਤਾਂ ਬਹੁਤ ਸਾਰੇ ਗਦਰੀ ਭਾਰਤ ਵਿੱਚ ਵੀ ਪੁੱਜ ਗਏ। ਉਸ ਸਮੇਂ ਭਾਈ ਸਾਹਿਬ ਨੇ ਵੀ ਆਪਣਾ ਨਾਤਾ ਗਦਰ ਲਹਿਰ ਨਾਲ ਜੋੜਿਆ। ਗਦਰ ਪਾਰਟੀ ਵਲੋਂ ਫੌਜੀ ਛਾਉਣੀਆਂ ਵਿੱਚ ਇਕੋਂ ਸਮੇਂ ਗਦਰ ਕਰ ਦੇਣ ਲਈ 19 ਫਰਵਰੀ 1915 ਦਾ ਦਿਨ ਮਿਥਿਆ ਗਿਆ ਸੀ। ਭਾਈ ਸਾਹਿਬ ਦੀ ਡਿਊਟੀ ਫਿਰੋਜਪੁਰ ਛਾਉਣੀ ਵਿੱਚ ਗਦਰ ਕਰਾਉਣ ਤੇ ਲੱਗੀ। ਆਪ ਜੱਥੇ ਸਮੇਤ ਨਿਯਤ ਸਮੇਂ, ਨਿਯਤ ਸਥਾਨ 'ਤੇ ਪੁੱਜ ਗਏ ਪਰ ਸਰਕਾਰੀ ਮੁਖਬਰ ਕਿਰਪਾਲ ਸਿੰਘ ਦੇ ਭੇਤ ਖੋਲ੍ਹ ਦੇਣ ਨਾਲ ਗਦਰ ਕਰਾਉਣ ਦੀ ਸਕੀਮ ਫੇਲ੍ਹ ਹੋ ਕੇ ਰਹਿ ਗਈ। ਇਸ ਦੋਸ਼ ਬਦਲੇ ਭਾਈ ਸਾਹਿਬ ਨੂੰ 9 ਮਈ 1915 ਨੂੰ ਨਾਭੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਉਥੋਂ 19 ਮਈ ਨੂੰ ਲੁਧਿਆਣਾ ਹਵਾਲਾਤ ਵਿੱਚ ਤੇ ਫੇਰ ਜੇਲ੍ਹ ਵਿੱਚ ਕੈਦ ਰੱਖਿਆ ਗਿਆ।

30 ਮਈ 1916 ਨੂੰ ਆਪ ਨੂੰ ਦੂਸਰੇ ਲਾਹੌਰ ਸਾਜਿਸ਼ ਕੇਸ ਵਿੱਚ ਸ਼ਾਮਿਲ ਕਰਕੇ, ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ। 4 ਅਪ੍ਰੈਲ 1916 ਨੂੰ ਆਪ ਨੂੰ ਮੁਲਤਾਨ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਸੀ, ਜਿੱਥੇ 13 ਮਈ ਤੱਕ 40 ਦਿਨ ਆਪ ਨੇ ਭੁੱਖ ਹੜਤਾਲ ਕੀਤੀ। ਫੇਰ ਜੁਲਾਈ 1917 ਨੂੰ ਆਪ ਨੂੰ ਹਜ਼ਾਰੀ ਬਾਗ ਜੇਲ ਵਿੱਚ ਬਦਲ ਦਿੱਤਾ ਗਿਆ ਅਤੇ ਅਕਤੂਬਰ 1921 ਵਿੱਚ ਰਾਜਮੰਦਰੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਇਸ ਜੇਲ੍ਹ ਵਿੱਚ ਬੈਠ ਕੇ ਆਪ ਨੇ "ਗੁਰਮਤਿ ਬਿਬੇਕ" ਪੁਸਤਕ

(ਬਾਕੀ ਪੰਨਾ ੧੪ ਤੇ.......)



www.AKJ.Org

# ਧਰਮ ਧੁਜਾ ਅਰਜੁਨੁ ਹਰਿ ਭਗਤਾ

(ਡਾ : ਕੁਲਦੀਪ ਕੌਰ )

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੋਕੇ ਕਰਮ ਕਾਂਡੀ ਧਰਮਾਂ ਵਿਚੋਂ ਮਾਨਵ ਨੂੰ ਕੱਢ ਕੇ 'ਸੱਚ ਧਰਮ' ਦਾ ਜੋ ਮਾਰਗ ਦਰਸਾਇਆ, ਉਹ ਗੁਰ ਪ੍ਰਸਾਦਿ ਰਾਹੀਂ ੧ਓ ਤੱਕ ਪਹੁੰਚ ਕਰਨ ਦਾ ਰਾਹ ਸੀ, 'ਆਦਿ ਸਤੇ, ਜੁਗਾਦਿ ਸਤੇ, ਪ੍ਰਤੱਖ ਸਤੇ, ਸਦਾ ਸਦਾ ਸਤੇ' ਨਾਲ ਅਭੇਦਤਾ ਦਾ ਮਾਰਗ ਸੀ ਜਿਸਨੂੰ 'ਜਪੁ' ਦੇ ਆਰੰਭਕ ਸਲੋਕ ਵਿੱਚ ਹੀ ਆਪਨੇ ਦ੍ਰਿਸ਼ਟੀ ਗੋਚਰ ਕਰ ਦਿੱਤਾ। ਇਹ ਸੱਚ ਧਰਮ ਧੁਰ ਦਰਗਾਹੋਂ ਗੁਰੂ ਨਾਨਕ ਨੂੰ ਪ੍ਰਾਪਤ ਹੋਇਆ। ਪ੍ਰਾਪਤ ਕੀ ਹੋਇਆ, ਗੁਰੂ ਨਾਨਕ ਪਰਮ ਪੁਰਖ ਪਰਮੇਸ਼ਰ ਦਾ ਰੂਪ ਹੀ ਹੋ ਗਿਆ। ਇਹ ਪਰਮ ਜੋਤ ਪਾਰਸ ਰੂਪ ਹੋ ਜਗਤ ਉਧਾਰਨ ਲਈ ਅੱਗੇ ਹੀ ਅੱਗੇ ਚਲਦੀ ਗਈ। ਭੱਟ ਮਥਰਾ ਨੇ ਕਿਹਾ ਸੁੰਦਰ ਲਿਖਿਆ ਹੈ : -

ਜੋਤਿ ਰੂਪਿ ਹਰਿ ਆਪਿ
ਗੁਰੂ ਨਾਨਕੁ ਕਹਾਯਉ।।
ਤਾ ਤੇ ਅੰਗਦੁ ਭਯਉ
ਤਤ ਸਿਉ ਤਤੁ ਮਿਲਾਯਉ।।
ਅੰਗਦਿ ਕਿਰਪਾ ਧਾਰਿ
ਅਮਰੁ ਸਤਿਗੁਰ ਥਿਰ ਕੀਅਉ।।
ਅਮਰਦਾਸਿ ਅਮਰਤੁੰ ਛਤ੍ਰੁ
ਗੁਰ ਰਾਮਹਿ ਦੀਅਉ।।
ਗੁਰ ਰਾਮਦਾਸ ਦਰਸਨੁ ਪਰਸਿ
ਕਹਿ ਮਥੁਰਾ ਅੰਮ੍ਰਿਤ ਬਯਣ।।
ਮੂਰਤਿ ਪੰਚ ਪ੍ਰਮਾਣ ਪੁਰਖੁ
ਗੁਰੁ ਅਰਜੁਨੁ ਪਿਖਹੁ ਨਯਣ।।

(ਪੰਨਾ ੧੪੦੮)

ਪ੍ਰਮਾਣ ਪੁਰਖ ਗੁਰੂ ਅਰਜਨ ਦੇ ਹਿਰਦੇ ਵਿਚ ਸ਼ਬਦ ਗੁਰੂ ਦਾ ਪ੍ਰਕਾਸ਼ ਹੋਇਆ ਤਾਂ 'ਹਰਿ ਨਾਮ' ਰਸਨਾ ਉਤੇ ਵਸ ਗਿਆ। ਗੁਰ ਪ੍ਰਸਾਦਿ ਰਾਹੀਂ ਨਾਮ ਦੀ ਦ੍ਰਿੜ੍ਹਤਾ, ਹਿਰਦਾ, ਮਨ, ਰਸਨਾ ਰੋਮ ਰੋਮ ਨਾਮ ਦੇ ਰੰਗ ਵਿੱਚ ਨਾਮ ਰੂਪ ਹੀ ਹੋ ਗਏ। ਅਗਮ ਅਗੋਚਰ ਪਾਰਬ੍ਰਹਮ ਦੇ ਦਰਸ਼ਨਾਂ ਦੀ ਅਵਸਥਾ ਪ੍ਰਾਪਤ ਹੋਈ, ਪਾਰਬ੍ਰਹਮ ਨਾਲ ਇਕਰੂਪਤਾ ਹੋ ਗਈ। ਧਰਮ ਅਤੇ ਭਗਤੀ ਓਤ ਪੋਤ ਹੋ ਗਏ।

ਸ੍ਰੀ ਗੁਰੂ ਰਾਮਦਾਸ ਜੀ ਦੇ ਘਰ 'ਅਰਜਨ' ਦਾ ਪ੍ਰਕਾਸ਼ ਹੋਇਆ ਜਿਸਨੇ ਜਨਮ ਤੋਂ ਹੀ ਗੁਰਮਤਿ ਅਨੁਸਾਰ ਬ੍ਰਹਮ ਨੂੰ ਪਛਾਣ ਲਿਆ :

ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ।।

(ਭਟ ਕਲ੍ਯ)

ਧਰਮ ਦਾ ਝੰਡਾ ਬੁਲੰਦ ਕਰਕੇ, ਭਗਤੀ ਦੇ ਜੋਗ ਨੂੰ ਜਿੱਤਣ ਵਾਲਾ, ਹਿਰਦੇ ਵਿੱਚ ਨਾਮ ਦਾ ਬਸੇਰਾ, ਮਨ ਮਾਇਆ ਤੋਂ ਉਚੇਰਾ, ਗੁਰਮੰਤ੍ਰ ਦੀ ਦ੍ਰਿੜ੍ਹਤਾ ਨਾਲ ਉਚੇਰਾ ਹੀ ਨਹੀਂ ਸਗੋਂ ਪੂਰਨ ਸੰਤੋਖੀ ਸੰਤੋਖ-ਸਰ ਬਣ ਗਿਆ। ਸੰਤੋਖ-ਸਰ ਸਰੂਪ ਗੁਰੂ ਅਰਜਨ ਰਾਮ-ਸਰ ਦਾ ਵਾਸੀ ਬਣ ਗਿਆ। ਹਿਰਦਾ ਰਾਮ-ਸਰ ਵਿੱਚ ਟੁੱਬੀਆਂ ਲਾਵੇ, ਪ੍ਰਤੱਖ ਰੂਪ ਵਿਚ ਰਾਮ-ਸਰ ਕੰਢੇ ਬਾਣੀ-ਗੁਰੂ ਦਾ ਪ੍ਰਕਾਸ਼ ਪਿਆ ਹੋਵੇ, ਗੁਰੂ ਗ੍ਰੰਥ ਦਾ ਸਰੂਪ ਪਿਆ ਉਘੜੇ। ਬਾਲਕ ਅਰਜਨ ਨੇ ਗੁਰੂ ਅਮਰਦਾਸ ਜੀ ਦੇ ਥਾਲ ਵਿਚ ਪਏ ਓਗਰੇ ਨੂੰ ਦੋ ਵਾਰੀ ਡੋਲ੍ਹਿਆ ਤੇ ਇਧਰ ਉਧਰ ਖਿਲਾਰਿਆ ਸੀ, ਪਰ ਨਾਨਾ ਗੁਰੂ ਜੀ ਨੇ ਰੋਕਣ ਦੀ ਥਾਂ *'ਥਾਲ ਦਾ ਮਾਲਕ'* ਹੋਣ ਦੀ ਅਸੀਸ ਦਿੱਤੀ ਸੀ। ਇਹ ਇਕ ਸੰਕੇਤ ਸੀ। *'ਦੋਹਿਤਾ ਬਾਣੀ ਕਾ ਬੋਹਿਥਾ'* ਬਣਨਾ ਸੀ। ਭਵਿੱਖ ਵਿੱਚ 'ਤਿੰਨਿ ਵਸਤੂ ਪਈਓ' ਵਾਲਾ ਥਾਲ ਜੋ ਤਿਆਰ ਹੋਣਾ ਸੀ ਜਿਸ ਨੇ ਜਗਤ ਦੀਆਂ ਭੁੱਖੀਆਂ ਪਿਆਸੀਆਂ ਰੂਹਾਂ ਦਾ ਆਧਾਰ ਬਣਨਾ ਸੀ।

'ਧੌਲੁ ਧਰਮੁ ਦਇਆ ਕਾ ਪੂਤੁ' (ਜਪੁ): ਦਯਾ ਤੇ ਧਰਮ ਨੂੰ ਨਿਖੇੜਿਆ ਨਹੀਂ ਜਾ ਸਕਦਾ। ਦਯਾ ਭਰੀ ਬਖ਼ਸ਼ਿਸ਼, ਕਿਰਪਾ ਤੇ ਮਿਹਰ ਦੇ ਘਰ ਆ ਕੇ ਕਰਤਾਰ ਨੇ ਧਰਮ ਦੀ ਸਥਾਪਨਾ ਕੀਤੀ, ਇਕ ਨਿਯਮ ਬੰਨ੍ਹਿਆ ਜਿਸ ਅਨੁਸਾਰ ਸਾਰੀ ਕਾਇਨਾਤ ਚਲ ਰਹੀ ਹੈ। 'ਉਸ' ਦੇ ਇਕ ਸ਼ਬਦ, ਇਕ ਹੁਕਮ, ਇਕ ਬੋਲ ਰਾਹੀਂ ਇਸ ਸਾਰੇ ਪਸਾਰੇ ਦੀ ਰਚਨਾ ਹੋ ਗਈ।

ਕੀਤਾ ਪਸਾਉ ਏਕੋ ਕਵਾਉ।। (ਜਪੁ)

ਇਹ ਕਵਾਉ ਹੀ ਇਕ ਨਿਯਮ ਹੈ ਜਿਸਨੂੰ ਆਪਣੀ ਬੋਲੀ ਵਿਚ ਅਸੀ ਕੁਦਰਤ ਦਾ ਨਿਯਮ ਕਹਿ ਲੈਂਦੇ ਹਾਂ। ਇਸ ਕਰਤਾਰੀ ਸੱਤਾ ਤੋਂ ਮੁਨਕਿਰ ਹੋਣ ਵਾਲਿਆਂ ਨੇ ਵੀ ਇਸਨੂੰ ਕੁਦਰਤ ਦਾ ਨਿਯਮ ਕਹਿ ਕੇ ਸਵੀਕਾਰਿਆ ਹੈ। ਇਹ ਨਿਯਮ ਹੀ ਸ੍ਰਿਸ਼ਟੀ ਦੇ ਪ੍ਰਬੰਧ



www.AKJ.Org

ਲਈ ਇਕ ਵਿਧਾਨ ਹੈ ਜਿਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ। ਜਿਸਦੀ ਸੋਧ ਸੁਧਾਈ ਦੇ ਯਤਨਾਂ ਨਾਲ ਸ੍ਰਿਸ਼ਟੀ ਵਿਚ ਉਥਲ ਪੁਥਲ ਮੱਚ ਜਾਂਦੀ ਹੈ। ਇਹ ਮੂਲ ਧਰਮ ਹੈ ਇਸ ਦੇ ਅਨੁਸਾਰੀ ਹੋਣਾ ਹੀ ਧਰਮੀ ਪੁਰਸ਼ ਦਾ ਕਰੱਤਵ ਹੈ। ਦਯਾ ਦਾ ਪੁਤ੍ਰ, ਬਖ਼ਸ਼ਿਸ਼ ਤੇ ਕਿਰਪਾ ਤੋਂ ਵਰੋਸਾਇਆ ਧਰਮ, ਧਰਮੀ ਪੁਰਸ਼ ਨੂੰ ਨੇਕੀ, ਪਰਉਪਕਾਰ, ਫ਼ਰਜ ਦੀ ਪੂਰਤੀ, ਲੋਕ ਸੇਵਾ, ਦੀਨਾਂ ਦੁੱਖੀਆਂ ਦਾ ਸਹਾਇਕ, ਆਪਾ ਵਾਰੂ ਬ੍ਰਿਤੀ ਦਾ ਸੁਆਮੀ, ਸ੍ਵੈ ਇੱਛਾ ਨੂੰ ਈਸ਼ਵਰੀ ਇੱਛਾ ਦੇ ਅਧੀਨ ਰਖੱਣ ਲਈ ਪ੍ਰੇਰਦਾ ਹੈ ਧਰਮ ਦੀ ਇਹ ਪ੍ਰਵਿਰਤੀ 'ਸਤ ਸੰਤੋਖ ਵੀਚਾਰੋ' ਦਾ ਧਾਰਣੀਯ ਬਣਾ ਕੇ ਨਾਮ ਨਾਲ ਇਕ ਸੁਰ ਕਰਦੀ ਹੈ ਜੋ ਭਗਤੀ ਦਾ ਪ੍ਰਮੁੱਖ ਲੱਛਣ ਹੈ। ਨਾਮ ਹੀ ਪ੍ਰਭੂ ਦੀ ਕੀਰਤੀ ਹੈ, ਨਾਮ ਹੀ ਮਹਿਮਾ ਹੈ।

ਭਗਤੀ ਫ਼ੋਕਾ ਕਰਮ ਕਾਂਡ ਨਹੀਂ, ਰੁੱਖਾ ਸਿਮਰਨ ਨਹੀਂ ਹਠ ਯੋਗ ਵਾਲੀ ਤਪ ਸਾਧਨਾ ਨਹੀ। ਸਗੋਂ

ਪ੍ਰਿਆ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ
ਹਰਿਜਨ ਤਾ ਕੈ ਦਰਸਿ ਸਮਾਵਤ
(ਪੰਨਾ ੧੩੮੮)

ਇਸੇ ਲਈ ਭਗਤ ਦੀ ਅਰਦਾਸ ਹੁੰਦੀ ਹੈ–

ਬਿਨੰਤਿ ਕਰਉ ਅਰਦਾਸਿ
ਸੁਨਹੁ ਜੇ ਠਾਕੁਰ ਭਾਵੈ।।
ਦੇਹੁ ਦਰਸੁ ਮਨਿ ਚਾਉ
ਭਗਤਿ ਇਹੁ ਮਨੁ ਠਹਰਾਵੈ। (ਪੰਨਾ ੧੩੮੭)

ਇਸ ਆਰਦਾਸ ਉਤੇ ਬਖ਼ਸ਼ਿਸ਼ ਦਾ ਦਾਤਾ ਤ੍ਰੁੱਠ ਕੇ ਮਿਹਰਾਂ ਦਾ ਮੀਂਹ ਵਰਸਾਉਂਦਾ ਹੈ। ਪੰਚਮ ਪਿਤਾ ਦਾ ਹੀ ਫ਼ੁਰਮਾਨ ਹੈ :–

ਜਿਹ ਕਾਟੀ ਸਿਲਕ ਦਯਾਲ
ਪ੍ਰਭਿ ਸੇਇ ਜਨ ਲਗੇ ਭਗਤੇ ।।
ਹਰਿ ਗੁਰੁ ਨਾਨਕੁ ਜਿਨ ਪਰਸਿਓ
ਤੇ ਇਤ ਉਤ ਸਦਾ ਮੁਕਤੇ।। (ਪੰਨਾ ੧੩੮੬)

ਅਜਿਹੇ ਭਗਤ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਭਗਤੀ-ਰਸ ਰੱਤਾ ਹੀ ਜਾਣ ਸਕਦਾ ਤੇ ਕਹਿ ਸਕਦਾ ਹੈ:–

ਜਨੁ ਨਾਨਕੁ ਭਗਤੁ ਦਰਿ
ਤੁਲਿ ਬ੍ਰਹਮ ਸਮਸਰਿ
ਏਕ ਜੀਹ ਕਿਆ ਬਖਾਨੈ।।
ਹਾਂ ਕਿ ਬਲਿ ਬਲਿ ਬਲਿ
ਬਲਿ ਸਦ ਬਲਿਹਾਰਿ।। (ਪੰਨਾ ੧੩੮੫)

ਭਗਤ ਲਈ 'ਸੁਣਿਆ ਮੰਨਿਆ ਮਨਿ ਕੀਤਾ ਭਾਉ' ਵਾਲੀ ਅਵਸਥਾ ਆਵਸ਼ਕ ਹੈ। ਪ੍ਰੇਮਾ ਭਗਤੀ ਵਾਲੇ ਸਦਾ ਵਿਗਾਸੀ ਭਗਤ ਬਾਰੇ ਹੀ ਲਿਖਿਆ ਹੈ:–

ਗੁਰ ਨਾਨਕ ਅੰਗਦ ਅਮਰ ਲਾਗਿ
ਉਤਮ ਪਦੁ ਪਾਯਉ।।
ਗੁਰੁ ਅਰਜੁਨੁ ਘਰਿ ਗੁਰ ਰਾਮਦਾਸ
ਭਗਤ ਉਤਰਿ ਆਯਉ।। (ਪੰਨਾ ੧੪੦੭)

ਅਜਿਹਾ ਭਗਤ ਜੋ ਪੂਰਾ ਸੰਤੋਖੀ, ਨਿਰਮਲ ਬੁੱਧ, ਹਰੀ ਦਾ ਰੂਪ, ਨਿਰਭਉ, ਨਿਰਵੈਰ, ਭਰਮ ਭਟਕਣਾ ਤੋਂ ਰਹਿਤ ਸੁੱਖਾਂ ਦਾ ਦਾਤਾ, ਉਮਾਹ ਭਰਪੂਰ ਪਰਉਪਕਾਰੀ, ਸੇਵਾ ਦਾ ਪੁੰਜ ਅਤੇ ਤਪਸ਼ ਨੂੰ ਸਹਿੰਦਿਆਂ ਸੀਤਲਤਾ ਦਾ ਭੰਡਾਰ। ਡਾ: ਤਾਰਨ ਸਿੰਘ ਦੇ ਅਨੁਸਾਰ ਆਪ ਦਾ ਸਾਰਾ ਜੀਵਨ ਹੀ ਤੱਤੀ ਲੋਹ ਉਤੇ ਬੀਤਿਆ। ਮਾਂ ਜਾਇਆ ਵੀਰ ਜਾਨ ਪਰਵਾਰ ਦਾ ਵੈਰੀ, ਹਕੂਮਤ ਦੁਸ਼ਮਣ, ਹੋਰ ਸਾਕ ਸੰਬੰਧੀ ਦੋਖੀ ਦੁਸ਼ਟ ਮੰਡਲੀ ਹਰ ਸਮੇਂ ਵਾਰ ਕਰਨ ਲਈ ਤਿਆਰ ਰਹਿੰਦੀ। ਨਿਰਵੈਰਤਾ ਇਤਨੀ ਕਿ ਕਿਸੇ ਲਈ ਮਾੜਾ ਨਹੀਂ ਸੋਚਿਆ। ਦੋਖੀ ਭਰਾ ਦੀ ਦੇਹ ਅਰੋਗਤਾ ਵਾਸਤੇ ਅਰਦਾਸ ਕੀਤੀ। ਸ਼ਸਤ੍ਰ ਵਿਦਿਆ ਵਿਚ ਨਿਪੁੰਨ ਹੁੰਦਿਆਂ ਵੀ ਸਸ਼ਤ੍ਰ ਦੀ ਵਰਤੋਂ ਨਹੀਂ ਕੀਤੀ ਕਿਉਂਕਿ ਧਰਮ ਆਧਾਰਤ ਰਾਜਨੀਤੀ ਅਨੁਸਾਰ ਅਜੇ ਸਮਾਂ ਨਹੀਂ ਸੀ ਆਇਆ। ਕੁਰਬਾਨੀ ਤੇ ਸ਼ਹਾਦਤ ਦੇ ਸ਼ਸਤ੍ਰ ਅਸਤ੍ਰ ਚਲਾ ਕੇ ਵੇਖਣੇ ਸਨ। ਜੋ ਸਿਧਾਂਤ ਦਸਮ ਪਾਤਸ਼ਾਹ ਨੇ ਉਘਾੜਨਾ ਸੀ, ਉਸ ਦੀ ਪ੍ਰੋੜ੍ਹਤਾ ਲਈ ਆਧਾਰ ਸ਼ਿਲਾ ਤਿਆਰ ਹੋ ਰਹੀ ਸੀ :

"ਚੂੰ ਕਾਰ ਅਜ ਹਮਹ ਹੀਲਤੇ ਦਰ ਗੁਜਸ਼ਤ
ਹਲਾਲਸਤ ਬੁਰਦਨ ਬਸ਼ਮਸ਼ੀਰ ਦਸਤ" (ਜਫਰਨਾਮਾ)

ਨਾਮ ਧਰਮ ਅਤੇ ਨਾਮ ਭਗਤੀ ਦੇ ਮੁਜੱਸਮਾ ਗੁਰੂ ਅਰਜਨ ਦੇਵ ਜੀ ਬਾਰੇ ਹੀ ਭੱਟਾਂ ਦਾ ਫ਼ੁਰਮਾਨ ਹੈ–

ਗੁਰੁ ਅਰਜੁਨੁ ਪੁਰਖੁ ਪ੍ਰਮਾਣੁ
ਪਾਰਥਉ ਚਾਲੈ ਨਹੀ।
ਨੇਜਾ ਨਾਮ ਨੀਸਾਣੁ ਸਤਿਗੁਰ
ਸਬਦਿ ਸਵਾਰਿਅਉ।। (ਪੰਨਾ ੧੪੦੮)
ਕਲਜੁਗਿ ਜਹਾਜੁ ਅਰਜੁਨੁ ਗੁਰੂ
ਸਗਲ ਸ੍ਰਿਸ੍ਟਿ ਲਗਿ ਬਿਤਰਹੁ।।
(ਪੰਨਾ ੧੪੦੮)

ਰ੍ਹਾਜ ਜੋਗ ਰਸ ਮਾਣਦਿਆਂ ਅਤੇ ਸਹਜ ਜੋਗ ਵਿੱਚ ਵਿਚਰਦਿਆਂ ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ ਅਨੋਖੀ ਸੀ। ਗੁਰੂ ਰੂਪ ਵਿਚ ਸੰਗਤਾਂ ਦੀ ਅਗਵਾਈ


www.AKJ.Org

ਕਰਨੀ, ਸੇਵਕ ਰੂਪ ਵਿਚ ਸੰਗਤਾਂ ਦੀ ਅਗਵਾਈ ਕਰਨੀ, ਸੇਵਕ ਰੂਪ ਵਿਚ ਸਿੱਖਾਂ ਦੀ ਸੇਵਾ ਲਈ ਤੱਤਪਰ ਰਹਿਣਾ, ਪਿਤਾ ਗੁਰੂ ਦੇ ਆਰੰਭੇ ਸਾਰੇ ਕਾਰਜ ਉਹਨਾਂ ਵਾਂਗ ਹੀ ਨਿਭਾਉਣੇ, ਹਰਿਮੰਦਰ ਸਾਹਿਬ ਦੀ ਸਥਾਪਨਾ, ਜਿਥੋਂ ਹਰ ਸਮੇਂ ਸ਼ਾਂਤੀ ਸੀਤਲਤਾ, ਸੁਗੰਧੀ ਨਾਲ ਅੰਮ੍ਰਿਤ ਦਾ ਪ੍ਰਵਾਹ , ਸਬਦ ਸੰਗੀਤ ਦੀਆ ਧੁਨਾਂ ਅਤੇ ਪ੍ਰਭੂ ਪ੍ਰੇਮ ਦੀ ਫੁਹਾਰ ਪੈਂਦੀ ਰਹੇ। ਤੰਬੂਰੇ ਨੂੰ ਆਪਣੀਆਂ ਉਂਗਲਾਂ ਦੀ ਛੁਹ ਨਾਲ ਛੇੜ ਕੇ ਉਹ ਆਪਣੀ ਰੱਬੀ ਆਵਾਜ਼ ਵਿਚ ਸਾਖਿਆਤ ਗੁਰੂ ਮੰਤਰ (ਸ਼ਬਦਾਂ) ਦਾ ਸਵੇਰੇ ਸ਼ਾਮ ਕੀਰਤਨ ਕਰਦੇ ਸਨ ਅਤੇ ਸੰਗਤ ਵਿਚ ਜੁੜੇ ਸਿੱਖ ਵਿਸਮਾਦ ਤੇ ਆਨੰਦ ਮੁਘਦ ਹੋ ਕੇ ਉਸ ਕੀਰਤਨ ਨੂੰ ਸਰਵਨ ਕਰਦੇ। ਹਰਿਮੰਦਰ ਦੇ ਗੁੰਬਦ ਵਿਚੋਂ ਮਿੱਠੇ ਪਿਆਰੇ ਸੰਗੀਤ ਦੀ ਧਾਰਾ ਵਹਿ ਤੁਰਦੀ ਅਤੇ ਹਰਿਮੰਦਰ ਦੀਆਂ ਕੰਧਾਂ ਤੇ ਦੁਆਲੇ ਦੇ ਅੰਮ੍ਰਿਤ ਜਲ ਵਿਚ ਘੁਲ ਮਿਲ ਜਾਂਦੀ ਹੈ। ਉਦੋਂ ਤੋਂ ਲੈ ਕੇ ਹੁਣ ਤੱਕ ਇਸ ਪਵਿੱਤਰ ਧਾਮ ਵਿਚ ਇਹ ਰੱਬੀ ਸੰਗੀਤ ਨਿਰੰਤਰ ਗੂੰਜਦਾ ਹੈ। (ਪ੍ਰੋ: ਪੂਰਨ ਸਿੰਘ)

ਧਰਮ ਧੁਜਾ ਵਾਲੇ ਇਸ ਭਗਤ ਗੁਰੂ ਦੀ ਗੁਰੂ ਘਰ ਵਲੋਂ ਪਹਿਲੀ ਅਤੇ ਲਾਸਾਨੀ ਸ਼ਹਾਦਤ ਸੀ। ਆਪ ਲੋਹ ਨੂੰ ਠੰਡਾ ਕਰ ਸਕਦੇ ਸਨ, ਸੜਦੀ ਰੇਤ ਨੂੰ ਮਹਿਕਦੇ ਫੁੱਲਾਂ ਵਿਚ ਬਦਲਿਆ ਜਾ ਸਕਦਾ ਸੀ। ਉਬਲਦੇ ਪਾਣੀ ਦੀ ਦੇਗ ਵਿਚੋਂ ਸੀਤਲ ਜਲ ਦੇ ਫੁਹਾਰੇ ਚਲਾ ਦੇਣੇ ਸਾਧਾਰਣ ਗੱਲ ਸੀ, ਪਰ ਆਪਨੇ ਅਜਿਹਾ ਨਹੀਂ ਕੀਤਾ। ਆਦਰਸ਼ ਦੀ ਪਰਿਪੱਕਤਾ ਤੇ ਸੰਗਤ ਦੇ ਹੁਕਮ ਦੀ ਮਹਾਨਤਾ ਨੂੰ ਦ੍ਰਿੜ ਕਰਾਉਣਾ, ਹਕੂਮਤ ਦੇ ਸਨਮੁਖ ਸਿਧਾਂਤ ਦੀ ਪਾਲਣਾ ਲਈ ਡੱਟ ਖਲੋਣਾ, ਅਸਹਿ ਕਸ਼ਟਾਂ ਨੂੰ ਸ਼ਾਂਤ ਚਿੱਤ ਰਹਿ ਕੇ ਸਹਿਨ ਕਰਕੇ ਅਤੇ ਛਾਲਿਆਂ ਭਰੇ ਸਰੀਰ ਨੂੰ ਰਾਵੀ ਦੇ ਕੰਢੇ ਜਲ ਵਿਚ ਡੁਬਕੀ ਲੁਆ, ਕਸ਼ਟ ਨੂੰ ਸਿਖਰ ਤੇ ਪਹੁੰਚਾਉਂਦਿਆਂ ਸਿੱਖੀ ਨੂੰ ਆਪ ਕੁਰਬਾਨ ਕਰਨ ਦੀ ਜੁਗਤੀ ਦੇ ਰੂਪ ਵਿੱਚ ਪ੍ਰਗਟ ਕਰਨਾ ਸੀ। ਇਸ ਸ਼ਹਾਦਤ ਦੇ ਪਿਛੋਕੜ ਵਿੱਚ ਧਰਮ ਦੀ ਦ੍ਰਿੜ੍ਹਤਾ, ਭਗਤੀ ਦਾ ਜੋਗ, ਨਾਮ ਦਾ ਰੰਗ, ਹਿਰਦੇ ਵਿੱਚ ਸ਼ਬਦ ਗੁਰੂ ਦਾ ਵਾਸਾ, ਨਿੰਮ੍ਰਤਾ ਅਤਿ ਦਰਜੇ ਦੀ, ਸੰਤੋਖ ਕਥਨੀ ਤੋਂ ਬਾਹਰਾ, ਹੁਕਮ ਵਿੱਚ ਰਹਿਣ ਦੀ ਪ੍ਰਬਲ ਭਾਵਨਾ, ਰਾਜ ਜੋਗ ਦਾ ਰਸ ਮਾਣਦਿਆਂ ਸਹਜ ਜੋਗ ਦੀ ਪ੍ਰਾਪਤੀ, ਲੋਕ ਪਿਆਰ ਦੀ ਤੀਬਰਤਾ, ਪਰਉਪਕਾਰੀ ਬ੍ਰਿਤੀ, ਬਾਣੀ ਲਈ ਅਥਾਹ ਪਿਆਰ, ਧੁਰ ਕੀ ਬਾਣੀ ਦਾ ਆਵੇਸ਼ ਅਤੇ ਉਸ ਨੂੰ ਕਾਵਿ ਰੂਪ ਦੇਣ ਦੀ ਕਲਾ ਕੌਸ਼ਿਲਤਾ ਆਪ ਸ਼ਾਂਤ ਬ੍ਰਿਤੀ ਦੇ ਧਾਰਣੀਜ ਸਨ। ਇਸੇ ਲਈ ਸ਼ਾਂਤੀ ਦੇ ਪੁੰਜ ਆਖ ਕੇ ਸਤਿਕਾਰੇ ਜਾਂਦੇ ਹਨ। ਮਿੱਠਤ, ਸ਼ਾਂਤੀ, ਬੀਰਤਾ ਅਤੇ ਸਹਿਜ ਸ਼ਕਤੀ ਦਾ ਅਨੋਖਾ ਸੰਗਮ ਸੀ ਆਪਦੀ ਸ਼ਖਸੀਅਤਾ। ਇਸੇ ਲਈ ਆਖਿਆ ਗਿਆ ਸੀ:

ਧਰਮ ਧੁਜਾ ਅਰਜੁਨੁ ਹਰਿ ਭਗਤਾ।।

*****

(ਪੰਨਾ ੧੧ ਦਾ ਬਾਕੀ.........)

ਦਾ ਖਰੜਾ ਤਿਆਰ ਕੀਤਾ। ਪਹਿਲੀ ਦਸੰਬਰ 1922 ਨੂੰ ਉਹ ਨਾਗਪੁਰ ਜੇਲ ਵਿੱਚ ਭੇਜ ਦਿੱਤੇ ਗਏ, ਜਿੱਥੇ ਆਪ ਨੂੰ ਅਕਹਿ ਤੇ ਅਸਹਿ ਤਸੀਹੇ ਦਿੱਤੇ ਗਏ।

ਆਪ ਨੂੰ ਦਿੱਤੀਆਂ ਗਈਆਂ ਤਕਲੀਫਾਂ ਨੂੰ ਪੰਥਕ-ਹਲਕਿਆਂ ਵਿੱਚ ਬੜੀ ਤਸ਼ਵੀਸ਼ ਨਾਲ ਵੇਖਿਆ, ਪੜ੍ਹਿਆ ਸੁਣਿਆ ਗਿਆ ਤੇ ਆਪ ਜੀ ਦੀ ਚੜ੍ਹਦੀ ਕਲਾ ਵਾਸਤੇ "ਅਰਦਾਸ ਦਿਵਸ" ਮਨਾਇਆ ਗਿਆ। ਉਸ ਦਿਨ ਸਿੱਖ-ਸੰਗਤਾਂ ਨੇ ਗੁਰਦੁਆਰਿਆਂ ਵਿੱਚ ਆਪ ਜੀ ਦੀ ਚੜ੍ਹਦੀ ਕਲਾ ਲਈ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸਾਂ ਕੀਤੀਆਂ।

ਜੇਲ੍ਹ ਤੋਂ ਰਿਹਾਈ ਪਿਛੋਂ "ਕੀਰਤਨ ਮੰਡਲ" ਫੇਰ ਚਾਲੂ ਹੋ ਗਏ। 1931 ਤੋਂ 1961 ਤੱਕ ਦਾ ਸਮਾਂ ਭਾਈ ਸਾਹਿਬ ਨੇ ਅਖੰਡ-ਪਾਠਾਂ, ਅਖੰਡ ਕੀਰਤਨ-ਮੰਡਲਾਂ ਵਿੱਚ ਹਿੱਸਾ ਲੈਂਦਿਆਂ ਬਿਤਾਇਆ। ਵੱਖ ਵੱਖ ਸ਼ਹਿਰਾਂ ਨਗਰਾਂ ਪ੍ਰਾਂਤਾ ਵਿੱਚ ਅਖੰਡ ਕੀਰਤਨ ਸਮਾਗਮ ਕਰਦੇ ਹੋਏ ਆਪ 83 ਸਾਲਾਂ ਦੀ ਆਯੂ ਭੋਗ ਕੇ, 16 ਅਪ੍ਰੈਲ 1961 ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਭਾਈ ਸਾਹਿਬ ਨੇ ਆਪਣਾ ਸਮੁੱਚਾ ਜੀਵਨ ਸਰਬ-ਲੋਹ ਦੀ ਧਾਰਨਾ ਤੇ ਕੇਸਾਂ-ਸੁਆਸਾਂ ਸੰਗ ਨਿਭਾਹਿਆ। ਆਪ ਆਪਣੇ ਪਿੱਛੇ ਗੁਰਮਤਿ ਨੂੰ ਉਜਾਗਰ ਕਰਨ ਵਾਲਾ ਬਹੁ-ਮੁੱਲਾ ਖਜਾਨਾ ਪੁਸਤਕਾਂ ਦੇ ਰੂਪ ਵਿੱਚ ਛੱਡ ਗਏ ਹਨ, ਜਿਨ੍ਹਾਂ ਵਿਚੋਂ ਕੁਝ ਪ੍ਰਸਿੱਧ ਪੁਸਤਕਾਂ ਇਹ ਹਨ :-

ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ? ਅਣਡਿੱਠੀ-ਦੁਨੀਆਂ, ਰੰਗਲੇ ਸੱਜਣ, ਜੇਲ੍ਹ-ਚਿੱਠੀਆਂ, ਅੰਮ੍ਰਿਤ ਕੀ ਹੈ ? ਗੁਰਮਤਿ ਨਾਮ ਅਭਿਆਸ ਕਮਾਈ, ਗੁਰਮਤਿ ਸੱਚ ਨਿਰਣੈ, ਗੁਰਮਤਿ ਬਿਬੇਕ, ਗੁਰਮਤਿ ਲੇਖ, ਗੁਰਮਤਿ ਪ੍ਰਕਾਸ਼ ਆਦਿ।

*****



www.AKJ.Org

# ਸੂਰਜ ਕਿਰਣਿ ਮਿਲੇ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਸੂਰਜ ਕਿਰਣਿ ਮਿਲੇ ਜਲ ਕਾ
ਜਲੁ ਹੂਆ ਰਾਮ।।
ਜੋਤੀ ਜੋਤਿ ਰਲੀ ਸੰਪੂਰਨੁ
ਥੀਆ ਰਾਮ।। (ਪੰਨਾ ੮੪੬)

ਉਪਰ ਲਿਖੀਆਂ ਤੁਕਾਂ ਦਾ ਅਰਥ ਕਰਦੇ ਆਮ ਵਿਦਵਾਨਾਂ ਨੂੰ ਇਸ ਪਰਕਾਰ ਸੁਣੀਂਦਾ ਹੈ ਕਿ ਜਿਵੇਂ ਕਿਰਣ ਸੂਰਜ ਵਿੱਚ ਮਿਲ ਕੇ ਸੂਰਜ ਦਾ ਰੂਪ ਹੋ ਜਾਂਦੀ ਹੈ, ਛੱਪੜੀ ਸਮੁੰਦਰ ਵਿੱਚ ਮਿਲ ਕੇ ਸਮੁੰਦਰ ਦੀ ਹੀ ਸ਼ਕਲ ਧਾਰਨ ਕਰ ਲੈਂਦੀ ਹੈ ਤਿਵੇਂ ਹੀ ਜੀਵ-ਆਤਮਾ ਪਰਮ ਆਤਮਾ ਵਿਚ ਮਿਲ ਕੇ, ਪਰਮ ਆਤਮਾ ਨਾਲ ਇੱਕ ਮਿੱਕ ਹੋ ਜਾਂਦੀ ਹੈ। ਵਿਦਵਾਨ ਮਹਾਂ-ਪੁਰਸ਼ਾਂ ਵਲੋਂ ਕੀਤੇ ਇਹ ਅਰਥ, ਦਾਸ ਦੀ ਨਿੱਕੀ ਜੇਹੀ ਬੁੱਧੀ ਵਿੱਚ ਰਾਸ ਹੋ ਕੇ ਨਹੀਂ ਬੈਠਦੇ। ਦਾਸ ਦੀ ਤੁੱਛ ਬੁੱਧੀ ਇਸ ਦੋ ਤੁਕੀ ਦੇ ਅਰਥ ਇਸੇ ਪਰਕਾਰ ਸੁਝਾਉਂਦੀ ਹੈ ਕਿ ਜਿਵੇਂ ਸੂਰਜ ਆਪ ਆ ਕੇ ਕਿਰਨ ਨੂੰ ਮਿਲਦਾ ਹੈ, ਜਿਵੇਂ ਸਮੁੰਦਰ ਆਪ ਆ ਕੇ ਛੱਪੜੀ ਨਾਲ ਗਲਵੱਕੜੀ ਪਾਉਂਦਾ ਹੈ ਤਿਵੇਂ ਹੀ ਪਰਮ-ਆਤਮਾ, ਜੀਵ-ਆਤਮਾ ਨਾਲ ਮਿਲ ਦੋਨੋਂ ਹੀ ਇਕ ਰੂਪ ਹੋ ਜਾਂਦੇ ਹਨ।

ਸਾਡੇ ਪੰਥ ਵਿਚ ਭੀ ਕੱਟੜ ਪੰਥੀਆਂ ਦੀ ਕੋਈ ਘਾਟ ਨਹੀਂ ਹੈ। ਜਿਨ੍ਹਾਂ ਵਿਦਵਾਨਾਂ ਵਲੋ ਕੀਤੇ ਗਏ ਅਰਥ ਉਪਰ ਦਰਸਾਏ ਗਏ ਹਨ ਉਹ ਵਿਦਵਾਨ ਤਾਂ ਸ਼ਾਇਦ ਸਮਝ ਤੋਂ ਕੰਮ ਲੈ ਕੇ ਦਾਸ ਦੇ ਕੀਤੇ ਅਰਥਾਂ ਤੇ ਕੋਈ ਸੋਚ ਵਿਚਾਰ ਕਰਨ ਹੀ ਲੱਗ ਜਾਣ ਪਰ ਉਨ੍ਹਾਂ ਦੇ ਸ਼ਰਧਾਲੂ, ਚੇਲੇ ਚਾਟੜੇ, ਆਪਣੇ ਸਾਧਾਂ ਸੰਤਾਂ ਜਾਂ ਵਿਦਵਾਨਾਂ ਨੂੰ ਖੁਸ਼ ਕਰਨ ਲਈ, ਦਾਸ ਦੇ ਖਿਲਾਫ ਜ਼ਰੂਰ ਡਾਂਗਾਂ ਕੱਢ ਲੈਣਗੇ ਤੇ ਆਖਣਗੇ ਕਿ ਸਾਡੇ ਮਹਾਂ ਪੁਰਸ਼ਾਂ ਦੇ ਅਰਥਾਂ ਤੋਂ ਬਿਪਰੀਤ ਅਰਥ ਕਰਨੇ ਵਾਲਾ, ਇਹ ਵੱਡਾ ਕਾਫਰ ਕਿੱਥੋਂ ਆ ਗਿਆ ਹੈ ?

ਦਾਸ ਆਪਣੇ ਵੱਲੋਂ ਕੀਤੇ ਹੋਏ ਅਰਥਾਂ ਦੀ ਪੁਸ਼ਟੀ ਲਈ ਹੇਠ ਲਿਖੀਆਂ ਦਲੀਲਾਂ ਪੇਸ਼ ਕਰਦਾ ਹੈ :-

ਕਹੁ ਕਬੀਰ ਇਹੁ ਰਾਮ ਕੀ ਅੰਸੁ
(ਪੰਨਾ ੮੭੧)

ਕਬੀਰ ਜੀ ਦੇ ਕਥਨ ਅਨੁਸਾਰ, ਪਰਮ-ਆਤਮਾ ਤੇ ਜੀਵ-ਆਤਮਾ ਦਾ ਰਿਸ਼ਤਾ ਮਾਂ ਤੇ ਪੁੱਤ ਵਾਲਾ ਹੋਇਆ। ਕਿਸੀ ਮੇਲੇ ਮੁਸਾਹਿਬੇ ਵਿਚ ਗਿਆ ਹੋਇਆਂ, ਪੁੱਤਰ ਹੱਥੋਂ, ਮਾਂ ਦੀ ਉਂਗਲੀ ਛੁੱਟ ਜਾਂਦੀ ਹੈ। ਮਾਂ ਪੁੱਤ ਵੱਖ ਵੱਖ ਹੋ ਜਾਂਦੇ ਹਨ। ਬੱਚੇ ਨੂੰ ਮਾਂ ਪਾਸੋਂ ਵਿਛੜਿਆ ਹੋਇਆ ਦੇਖ ਮੇਲੇ ਦੇ ਪ੍ਰਬੰਧਕ ਬੱਚੇ ਨੂੰ ਸੰਭਾਲਦੇ ਹਨ, ਆਪਣੇ ਮੰਚ ਤੇ ਲੈ ਜਾ ਉਸ ਨੂੰ ਟੌਫੀਆਂ ਦੇ ਕੇ ਪੁਚਕਾਰਦੇ ਹਨ। ਉਧਰ ਜਦੋਂ ਮਾਂ ਨੂੰ ਪਤਾ ਲੱਗਦਾ ਹੈ ਤਾਂ ਉਹ ਘਬਰਾਉਂਦੀ ਹੈ, ਤੜਫਦੀ ਹੈ ਇਤਨੇ ਨੂੰ ਪਬੰਧਕਾਂ ਵਲੋਂ ਲਾਊਡ ਸਪੀਕਰ ਤੇ ਗੁਆਚੇ ਹੋਏ ਬੱਚੇ ਦੀ ਖਬਰ ਦਿੱਤੀ ਜਾਂਦੀ ਹੈ। ਮਾਂ ਦੌੜੀ ਦੌੜੀ ਮੰਚ ਵੱਲ ਨੂੰ ਧਾਈ ਕਰਦੀ ਹੈ। ਮੰਚ ਤੇ ਪਹੁੰਚ ਕਿਆ ਦੇਖਦੀ ਹੈ ਕਿ ਬੱਚਾ ਟੌਫੀਆਂ ਖਾਣ ਵਿਚ ਮਸਤ ਹੋਇਆ ਬੈਠਾ ਹੈ। ਮਾਂ ਬੱਚੇ ਨੂੰ ਚੁੱਕਦੀ ਹੈ, ਕੁੱਛੜ ਲੈ ਘੁੱਟ ਘੁੱਟ ਛਾਤੀ ਨਾਲ ਲਾ ਲਾਡ ਪਿਆਰ ਕਰਦੀ ਹੈ। ਜਦੋਂ ਕਬੀਰ ਜੀ ਆਖਦੇ ਹਨ ਕਿ ਪਰਮ-ਆਤਮਾ ਸਾਡੀ ਮਾਂ ਹੈ ਤੇ ਅਸੀਂ ਉਸ ਦੇ ਬੱਚੇ ਹਾਂ ਤਾਂ ਕਿਆ ਕੁਦਰਤ ਆਪਣੇ ਮੁਕੱਰਰ ਕੀਤੇ ਨਿਯਮਾਂ ਨੂੰ ਪਲਟ ਦੇਵੇਗੀ, ਉਲਟਾ ਦੇਵੇਗੀ ਕਿ ਉਲਟਾ ਬੱਚਾ, ਮਾਂ ਨੂੰ ਲੱਭਦਾ ਫਿਰੇ ? ਨਹੀਂ, ਕੁਦਰਤ ਆਪਣੇ ਨਿਯਮ ਬਦਲੀ ਨਹੀਂ ਕਰਦੀ। ਕੁਦਰਤ ਦੇ ਇਸ ਨਿਯਮ ਅਨੁਸਾਰ, ਪਰਮ-ਆਤਮਾ ਰੂਪੀ ਮਾਂ ਨੂੰ ਹੀ ਆਪਣੇ ਬੱਚੇ ਜੀਵ-ਆਤਮਾ ਨੂੰ ਭਾਲ ਕੇ ਲੱਭਣਾ ਪਵੇਗਾ ਤੇ ਲੱਭ ਕੇ ਆਪਣੇ ਬੱਚੇ ਰੂਪੀ ਜੀਵ-ਆਤਮਾ ਨੂੰ ਆਪਣੀ ਗੋਦੀ ਲੈਣਾ ਪਵੇਗਾ ?

ਕੁਦਰਤ ਦੇ ਨਿਯਮ ਸਾਰੀ ਕਾਇਨਾਤ ਤੇ ਇੱਕ ਸਾਰ ਹੀ ਲਾਗੂ ਹੁੰਦੇ ਹਨ। ਉਪਰ ਲਿਖੇ ਇਸ ਨਿਯਮ ਅਨੁਸਾਰ, ਸਮੁੰਦਰ ਨੂੰ ਭੀ ਛੱਪੜੀ ਦੇ ਪਾਸ ਆਪ ਹੀ ਆਉਣਾ ਪਵੇਗਾ। ਵੀਰ ਜੀ ! ਕਿਆਮਤ ਆ ਜਾਏਗੀ ਜਦੋਂ ਸਮੁੰਦਰ ਸਾਡੇ ਪਿੰਡ ਦੀ ਛੱਪੜੀ ਨੂੰ ਮਿਲਣ ਲਈ ਤੁਰ ਪਿਆ, ਰਸਤੇ ਵਿਚ ਆਉਂਦੇ ਹੋਏ ਕਿਤਨੇ ਪਿੰਡਾਂ ਤੇ ਸ਼ਹਿਰਾਂ ਨੂੰ ਮਲੀਆ ਮੇਟ ਕਰਦਾ ਆਵੇਗਾ ? ਆਉਣਾ ਸਮੁੰਦਰ ਨੂੰ ਹੀ ਪੈਣਾ ਹੈ, ਉਹ ਆਵੇ ਤਾਂ ਕਿਵੇਂ ਆਵੇ ? ਸਿਆਣੇ ਆਖਦੇ ਹਨ ਜਿਤਨਾ ਕੋਈ ਵੱਡਾ ਹੁੰਦਾ ਹੈ ਉਤਨੀ ਹੀ ਵੱਡੀ ਅਕਲ ਹੁੰਦੀ ਹੈ। ਸਮੁੰਦਰ ਬਹੁਤ ਵੱਡਾ ਹੈ ਤੇ ਉਸਦੀ ਅਕਲ ਭੀ। ਉਸ ਨੇ ਸੋਚਿਆ ਕਿ ਐਸੀ ਵਿਧ ਸੋਚੀਏ ਕਿ ਸੱਪ ਵੀ ਮਰ ਜਾਏ ਤੇ ਸੋਟੀ ਭੀ ਨਾ ਟੁੱਟੇ। ਆਖਰ ਸਮੁੰਦਰ ਨੇ ਰਾਹ ਲੱਭ ਹੀ ਲਿਆ। ਉਸ ਨੇ ਜ਼ਮੀਨੀ ਸਫ਼ਰ ਕਰਨ ਦੀ ਥਾਂ ਹਵਾਈ ਸਫ਼ਰ ਕਰਨ ਦਾ ਪ੍ਰੋਗਰਾਮ ਬਣਾ ਲਿਆ। ਸਮੁੰਦਰ ਬੱਦਲ ਬਣ ਕੇ ਉਪਰ ਉੱਠ, ਹਵਾ ਦੇ ਘੋੜੇ ਤੇ ਸਵਾਰ ਹੋ ਸਾਡੇ ਪਿੰਡ



www.AKJ.Org

ਦੀ ਛੱਪੜੀ ਦੀ ਭਾਲ ਵਿਚ ਨਿਕਲ ਤੁਰਿਆ। ਜਦੋਂ ਉਸ ਨੂੰ ਸਾਡੇ ਪਿੰਡ ਕੋਲ ਆ, ਛੱਪੜੀ ਨਜ਼ਰ ਪੈ ਗਈ ਤਾਂ ਉਸੀ ਵੇਲੇ ਉੱਥੇ ਹੀ ਬਾਰਸ਼ ਦੇ ਰੂਪ ਵਿੱਚ ਥੱਲੇ ਉੱਤਰ ਆਇਆ। ਆਉਂਦੇ ਸਾਰ ਹੀ ਚਾਰ ਚੌਫੇਰੇ ਜਲ ਥਲ ਇਕ ਕਰ, ਛੱਪੜੀ ਨੂੰ ਆਪਣੀ ਗੋਦੀ ਵਿੱਚ ਲੈ ਆਪਣੇ ਨਾਲ ਹੀ ਮਿਲਾ ਲਿਆ। ਵਾਪਸੀ ਦਾ ਸਫ਼ਰ ਹਵਾਈ ਤੋਂ ਜ਼ਮੀਨੀ ਅਖਤਿਆਰ ਕਰ, ਸਤਲੁਜ ਦੇ ਰਸਤੇ ਸੱਖਰ ਪਹੁੰਚ ਗਿਆ। ਅੱਗੋਂ ਸਿੰਧ ਸੁਆਗਤ ਲਈ ਹਾਜ਼ਰ ਖੜ੍ਹਾ ਸੀ, ਸਿੰਧ ਵਿਚ-ਦੂੰ ਹੁੰਦਾਂ ਹੋਇਆ ਕਰਾਚੀ ਦੇ ਲਾਗੇ ਛਾਗੇ ਜਾ ਆਪਣੇ ਘਰ ਪਹੁੰਚ ਗਿਆ। ਕਿਉਂ ਜੀ ! ਸਮੁੰਦਰ ਛੱਪੜੀ ਨੂੰ ਜਾ ਕੇ ਮਿਲਿਆ ਕਿ ਛੱਪੜੀ ਸਮੁੰਦਰ ਨੂੰ ?

ਹੁਣ ਰੈਹ ਗਈ ਗੱਲ ਸੂਰਜ ਤੇ ਕਿਰਣ ਦੀ। ਸਾਡੇ ਕਮਰੇ ਦੀ ਕਿਸੀ ਛੋਟੀ ਜੇਹੀ ਝੀਤ ਵਿਚੋਂ, ਕਿਤੇ ਸੂਰਜ ਦੀਆਂ ਦੋ ਚਾਰ ਕਿਰਨਾਂ ਅੰਦਰ ਆ ਵੀ ਜਾਣ ਤਾਂ ਕਿਆ ਉਹ ਹੀਟਰ ਵਾਂਗ ਕਮਰੇ ਨੂੰ ਗਰਮ ਕਰ ਦਿੰਦੀਆਂ ਹਨ ? ਨਹੀਂ, ਦੋ ਚਾਰ ਕਿਰਨਾਂ ਤਾਂ ਕਿਆ ਜੇ ਸੌ ਪੰਜਾਹ ਕਿਰਨਾਂ ਭੀ ਇਕੱਠੀਆਂ ਹੋ ਕੇ ਆ ਜਾਣ ਤਾਂ ਭੀ ਕਮਰਾ ਗਰਮ ਨਹੀਂ ਹੋ ਸਕਦਾ। ਜੇ ਮੈਂ ਸੱਚੀ ਗੱਲ ਆਖ ਦਿੱਤੀ ਤਾਂ ਤੁਸੀਂ ਮੇਰੇ ਨਾਲ ਡਾਂਗ ਸੋਟਾ ਤਾਂ ਨਹੀਂ ਹੋਵੇਗੇ ? ਸੱਚੀ ਗੱਲ ਤਾਂ ਵੀਰ ਜੀ ਇਹ ਹੈ ਕਿ ਕਿਰਨ ਵਿੱਚ ਗਰਮੀ ਤਾਂ ਹੁੰਦੀ ਹੀ ਨਹੀਂ। ਰਾਤ ਨੂੰ ਚੰਦ ਚੜ੍ਹਦਾ ਹੈ, ਉਸ ਦੀਆਂ ਕਿਰਨਾਂ ਭੀ ਤਾਂ ਸਾਡੇ ਤੱਕ ਪਹੁੰਚਦੀਆਂ ਹਨ। ਉਹ ਕਿਤਨੀਆਂ ਕੁ ਗਰਮ ਹੁੰਦੀਆਂ ਹਨ ? ਕਿਰਨ ਵਿਚ ਸਿਰਫ਼ ਰੌਸ਼ਨੀ ਹੀ ਹੁੰਦੀ ਹੈ, ਗਰਮੀ ਨਹੀਂ। ਗਰਮੀ ਹੈ ਤਾਂ ਸਿਰਫ਼ ਸੂਰਜ ਵਿਚ। ਸੂਰਜ ਦੀ ਗਰਮੀ ਨੂੰ ਆਖੋ ਤੇ ਭਾਵੇਂ ਸੂਰਜ ਨੂੰ ਆਖੋ, ਇਸ ਨੂੰ ਸਾਡੇ ਤੱਕ ਲੈ ਕੇ ਆਉਂਦੀਆਂ ਹਨ ਇਨਫਰਾ-ਰੈਡ ਰੇਜ਼ (Infra Red Rays)। ਇਨਫਰਾ ਰੈਡ ਰੇਜ਼ ਦੇ ਸਫ਼ਰ ਕਰਨ ਦਾ ਰਸਤਾ ਹੈ 750 ਨਾਨੋ ਮੀਟਰ ਤੋਂ ਇੱਕ ਮਿਲੀ ਮੀਟਰ ਦੀ ਵੇਵ ਲੈਂਥ (Wave Length) ਜਦੋਂ ਕਿ ਰੌਸ਼ਨੀ ਦੇ ਸਫ਼ਰ ਕਰਨ ਦਾ ਰਸਤਾ ਹੈ 390 ਨਾਨੋ ਮੀਟਰ ਤੋਂ 750 ਨਾਨੋ ਮੀਟਰ ਦੀ ਵੇਵ ਲੈਂਥ। ਜਦੋਂ ਰੌਸ਼ਨੀ ਤੇ ਇਨਫਰਾ-ਰੈਡ ਰੇਜ਼ ਦੇ ਸਫਰ ਦਾ ਰਸਤਾ ਹੀ ਵੱਖੋ ਵੱਖ ਹੈ ਤਾਂ ਅਸੀਂ ਦੋਨਾਂ ਨੂੰ ਇੱਕ ਸ਼ੈ ਕਿਵੇਂ ਆਖ ਸਕਦੇ ਹਾਂ। ਭਾਵ ਰੋਸ਼ਨੀ ਤੇ ਇਨਫਰਾ ਰੈਡ ਰੇਜ਼ ਇੱਕ ਹੀ ਸ਼ੈਅ ਨਹੀਂ ਸਗੋਂ ਵੱਖ ਵੱਖ ਦੋ ਚੀਜ਼ਾਂ ਹਨ। ਇਹ ਇੱਕ ਤਾਂ ਪ੍ਰਤੀਤ ਹੁੰਦੀਆਂ ਹਨ ਕਿ ਸੂਰਜ ਪਾਸੋਂ ਇਕੱਠੀਆਂ ਸਫ਼ਰ ਸ਼ੁਰੂ ਕਰਦੀਆਂ ਹਨ। ਦੋਨਾਂ ਦੀ ਰਫ਼ਤਾਰ ਇਕ ਸਾਰ ਭਾਵ ਇਕ ਲੱਖ ਛਿਆਸੀ ਹਜ਼ਾਰ ਮੀਲ ਪ੍ਰਤੀ ਸੈਕੰਡ ਹੈ, ਇਸ ਲਈ ਸਾਡੀ ਧਰਤੀ ਤੇ ਇਹ ਦੋਵੇਂ ਇਕੱਠੀਆਂ ਹੀ ਪਹੁੰਚਦੀਆਂ ਹਨ। ਰੌਸ਼ਨੀ ਨਜ਼ਰ ਆਉਂਦੀ ਹੈ ਪਰ ਇਨਫਰਾ-ਰੈੱਡ ਰੇਜ਼ ਨਜ਼ਰ ਨਹੀਂ ਆਉਂਦੀਆਂ। ਇਸ ਲਈ ਅਸੀਂ ਰੌਸ਼ਨੀ ਦੀ ਕਿਰਣ ਨੂੰ ਹੀ ਗਰਮੀ ਲੈ ਕੇ ਆਉਣ ਵਾਲੀ ਕਿਰਨ ਸਮਝਦੇ ਹਾਂ ਜਦੋਂ ਕਿ ਗਰਮੀ ਜਾਂ ਗਰਮੀ ਦੇ ਪਿਓ ਸੂਰਜ ਨੂੰ ਨਾਲ ਲੈ ਕੇ ਆਉਂਦੀਆਂ ਹਨ ਇਨਫਰਾ-ਰੈੱਡ ਰੇਜ਼।

ਜਦੋਂ ਇਨਫਰਾ ਰੈੱਡ ਰੇਜ਼ ਸੂਰਜ ਨੂੰ ਸਾਡੇ ਪਾਸ ਲੈ ਕੇ ਆਉਂਦੀਆਂ ਹਨ ਤਾਂ ਸਾਡੇ ਸਰੀਰ ਗਰਮੀ ਨਾਲ ਜਲ ਉਠਦੇ ਹਨ, ਚਾਰ ਚੌਫੇਰੇ ਹਾ ਹਾ ਕਾਰ ਮਚ ਜਾਂਦੀ ਹੈ, ਕਿਤੇ ਪੱਖੇ ਚਲਦੇ ਹਨ ਕਿਤੇ ਕੂਲਰ ਆਪਣਾ ਕੰਮ ਦਿਖਾਉਂਦੇ ਹਨ ਤੇ ਕਿਤੇ ਏਅਰ ਕੰਡੀਸ਼ਨਰ ਸਾਨੂੰ ਠੰਡਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਵਾਹ ਕਿਸੇ ਦੀ ਨਹੀਂ ਜਾਂਦੀ। ਜਦੋਂ ਸੂਰਜ ਸ਼ਾਮ ਨੂੰ ਆਪਣੇ ਘਰ ਨੂੰ ਵਾਪਸ ਚਲਾ ਜਾਂਦਾ ਹੈ ਤਾਂ ਸਾਡੇ ਕਮਰੇ ਦੀ ਝੀਤ ਵਿਚੋਂ ਗੁਜ਼ਰੀਆਂ ਦੋ ਚਾਰ ਕਿਰਨਾਂ ਨੂੰ ਭੀ ਆਪਣੀ ਗੋਦੀ ਲੈ, ਨਾਲ ਹੀ ਲੈ ਜਾਂਦਾ ਹੈ। ਦਰ-ਅਸਲ ਉਹ ਆਇਆ ਤਾਂ ਸੀ ਇਹਨਾਂ ਕਿਰਨਾਂ ਨੂੰ ਲੈਣ ਹੀ, ਸੋ ਉਹ ਲੈ ਕੇ ਚਲਾ ਗਿਆ।

ਉਪਰ ਦਿੱਤੀਆਂ ਦਲੀਲਾਂ ਨੂੰ ਕੱਟਣ ਲਈ, ਵੀਰ ਜੀ ! ਤੁਹਾਡੇ ਪਾਸ ਸਿਰਫ਼ ਇਕ ਹੀ ਹਥਿਆਰ ਨਜ਼ਰ ਆਉਂਦਾ ਹੈ, ਉਹ ਹੈ ਵਿਦਵਾਨਾਂ ਵਲੋਂ ਕੀਤੇ ਅਰਥ ਜਾਂ ਅਨਰਥ। ਤੁਸੀਂ ਇਸ ਅਰਥ ਨੂੰ ਸਾਹਮਣੇ ਰੱਖ ਕੇ ਦਾਸ ਤੇ ਸਵਾਲ ਕਰੋਗੇ ਕਿ ਕਿਆ ਫੇਰ ਗੁਰਬਾਣੀ ਗਲਤ ਬੋਲਦੀ ਹੋਈ ? ਨਹੀਂ, ਦਾਸ ਤਾਂ ਕਿਆ ਦਾਸ ਦੇ ਵੱਡੇ ਵਡੇਰੇ ਭੀ, ਗੁਰਬਾਣੀ ਦੀ ਸ਼ਾਨ ਵਿਚ ਐਸੀ ਬਦ-ਕਲਮੀ ਕਰਨ ਦੀ ਹਮਾਕਤ ਨਹੀਂ ਕਰ ਸਕਦੇ। ਗੁਰਬਾਣੀ ਸੌ ਫੀਸਦੀ ਦਰੁਸਤ ਆਖਦੀ ਹੈ ਪਰ ਅਸੀ ਗੁਰਬਾਣੀ ਨੂੰ ਸਮਝਣ ਲੱਗਿਆਂ, ਗੁਰਬਾਣੀ ਦੇ ਮਗਰ ਨਹੀ ਲੱਗਦੇ ਅਸੀ ਗੁਰਬਾਣੀ ਨੂੰ ਆਪਣੇ ਮਗਰ ਲਗਾ ਕੇ ਮਨ ਉਕਤ ਅਰਥ ਕੱਢਦੇ ਹਾਂ ਤਾਂ ਅਨਰਥ ਤਾਂ ਹੋਣਾ ਹੀ ਹੋਇਆ। ਗੁਰਬਾਣੀ ਨੂੰ ਸਮਝਣਾ ਹੈ ਤਾਂ ਗੁਰਬਾਣੀ ਦੇ ਮਗਰ ਆਪ ਲੱਗੋ, ਨਾ ਕਿ ਗੁਰਬਾਣੀ ਨੂੰ ਆਪਣੇ ਮਗਰ ਲਾਉ।'

ਆਖਦੇ ਹਨ ਕਿ ਜ਼ੋਰਾਵਰ ਦਾ ਸੱਤੀ ਵੀਹੀਂ ਸੌ ਹੁੰਦਾ ਹੈ। ਤੁਸੀਂ ਜ਼ੋਰਾਵਰ ਹੋ, ਚਲੋ ਤੁਹਾਡੇ ਮਗਰ ਹੀ ਤੁਰਦੇ ਹਾਂ ਤੇ ਗੁਰਬਾਣੀ ਦੇ ਅਰਥਾਂ ਵੱਲ ਨੂੰ ਚਲ ਪੈਂਦੇ ਹਾਂ। ਅਰਥ ਕਰਨ ਵੇਲੇ ਗੁਰਬਾਣੀ ਦੀ ਵੈਆਕਰਨ ਦਾ



www.AKJ.Org

ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਵੈਆਕਰਨ ਨੂੰ ਲਾਂਭੇ ਰੱਖ ਕੇ ਅਰਥ ਕਰਾਂਗੇ ਤਾ ਕਦੀ ਵੀ ਅਰਥ ਦਰੁਸਤ ਨਾ ਕਰ ਸਕਾਂਗੇ। ਗੁਰੂ ਗ੍ਰੰਥ ਸਾਹਿਬ ਦੇ ਸ਼ਬਦ-ਅਰਥ ਚਾਰ ਉੱਘੇ ਵਿਦਵਾਨਾਂ ਨੇ ਕੀਤੇ ਹਨ। ਅਰਥ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਵੈਆਕਰਨ ਦੇ ਨਿਯਮ ਲਿਖ ਦਿੱਤੇ ਹਨ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਭੀ ਵੱਖਰੇ ਤੌਰ ਤੇ ਇੱਕ ਕਿਤਾਬ ਲਿਖੀ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਭੀ ਇਸ ਵਿਸ਼ੇ ਤੇ ਗੁਰਬਾਣੀ ਲਗਾਂ-ਮਾਤਰਾਂ ਦੀ ਵਿਲੱਖਣਤਾ ਨਾਮੇ-ਪੁਸਤਕ ਲਿਖੀ ਹੈ।

ਉਪਰ ਦਿੱਤੀ ਦੋ ਤੁਕੀ ਵਿਚ ਸੂਰਜ ਤੇ ਕਿਰਣ ਦੀ ਤਸ਼ਬੀਹ (ਤੁਲਨਾ) ਦੇ ਕੇ *'ਜਲ ਕਾ'* ਜਲੁ ਹੂਆ ਰਾਮ ਤੇ ਜੋਤੀ ਜੋਤਿ ਰਲੀ ਦੇ ਮਹਾਂ ਵਾਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸੂਰਜ ਕਿਰਣਿ ਮਿਲੇ ਦੇ ਵਾਕ ਵਿਚ ਖਾਸ ਧਿਆਨ ਯੋਗ ਵਿਚਾਰ ਇਹ ਹੈ ਕਿ ਸੂਰਜ ਕਿਰਣ ਨੂੰ ਮਿਲਿਆ ਹੈ ਜਾਂ ਕਿਰਣ, ਸੂਰਜ ਨੂੰ ਮਿਲੀ ਹੈ। ਇਹ ਨੁਕਤਾ ਸਾਫ ਹੋ ਜਾਵੇ ਤਾਂ ਸਾਰੀ ਦੋ ਤੁਕੀ ਦਾ ਅਰਥ ਸਮਝ ਆ ਜਾਂਦਾ ਹੈ।

ਗੁਰਬਾਣੀ ਦੇ ਵੈਆਕਰਨ ਅਨੁਸਾਰ, ਕਿਰਣਿ ਦੇ 'ਣ' ਨੂੰ ਜੋ ਸਿਹਾਰੀ ਲੱਗੀ ਹੈ, ਉਹ 'ਨੂੰ' ਦਾ ਅਰਥ ਦਿੰਦੀ ਹੈ, ਜਿਸ ਦਾ ਅਰਥ ਹੋਇਆ 'ਕਿਰਣ ਨੂੰ'। ਜੇ ਸੂਰਜ ਨੂੰ ਕਿਰਣ ਮਿਲਦੀ ਤਾਂ ਸੂਰਜ ਦੇ ਜੱਜੇ ਨੂੰ ਸਿਹਾਰੀ ਲਗਣੀ ਸੀ ਤੇ ਅਰਥ ਬਨਣਾ ਸੀ 'ਸੂਰਜ ਨੂੰ'। ਦੂਸਰਾ ਨੁਕਤਾ ਹੈ 'ਮਿਲੇ'। ਸੂਰਜ ਪੁਲਿੰਗ ਹੈ ਤੇ ਕਿਰਣ ਇਸਤਰੀ ਲਿੰਗ। ਜੇ ਕਿਰਣ ਸੂਰਜ ਨੂੰ ਮਿਲਦੀ ਤਾਂ ਪਾਠ ਹੁੰਦਾ 'ਸੂਰਜ ਕਿਰਣਿ ਮਿਲੀ'। ਪਾਠ ਮਿਲੇ ਹੈ, ਜੋ ਪੁਲਿੰਗ ਹੈ। ਅਰਥ ਹੋਇਆ ਸੂਰਜ ਮਿਲਿਆ। ਵੈਆਕਰਨ ਅਨੁਸਾਰ ਅਰਥ ਹੋਇਆ 'ਸੂਰਜ ਕਿਰਣ ਨੂੰ ਮਿਲਿਆ।'

ਇਸ ਦੋ ਤੁਕੀ ਵਿਚ ਸੂਰਜ ਤੇ ਕਿਰਣ ਦੀ ਦਿੱਤੀ ਤੁਲਨਾ ਦੇ ਆਧਾਰ ਤੇ ਜੋਤੀ ਜੋਤਿ ਰਲੀ ਦਾ ਅਰਥ ਹੋਇਆ 'ਪਰਮ-ਆਤਮਾ ਦੀ ਜੋਤਿ, ਜੀਵ-ਆਤਮਾ ਦੀ ਜੋਤਿ ਵਿੱਚ ਆ ਕੇ ਰਲੀ।' ਆਓ ਇਸ ਰਮਜ਼ ਨੂੰ ਭੀ ਸਮਝਣ ਦਾ ਯਤਨ ਕਰੀਏ। ਭਾਈ ਗੁਰਦਾਸ ਜੀ ਦਾ ਕਥਨ ਹੈ "ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ, ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।" ਧਰਮ ਗ੍ਰੰਥ ਆਖਦੇ ਹਨ ਕਿ ਪਰਮ-ਆਤਮਾ ਨੇੜੇ ਹੂੰ ਤੇ ਭੀ ਨੇੜੇ ਹੈ। ਜੇ ਉਹ ਅਤਿ ਨੇੜੇ ਹੈ ਤਾਂ ਜਾ ਕੇ ਕਿਸ ਨੇ ਕਿਸ ਨੂੰ ਮਿਲਣਾ ਹੈ ? ਉਹ ਤਾਂ ਪਹਿਲਾਂ ਹੀ ਮਿਲੇ ਮਿਲਾਏ ਹਨ। ਜੇ ਉਹ ਸਾਥੋਂ ਡਰਦਾ ਕਿਤੇ ਦੂਰ ਜਾ ਕੇ ਲੁਕ ਕੇ ਛੁਪਿਆ ਬੈਠਾ ਹੈ ਤਾਂ ਦੁਨੀਆਂ ਦਾ ਕੋਈ ਭੀ ਥਾਂ ਸਾਥੋਂ 12 1/2 ਹਜ਼ਾਰ ਮੀਲ ਤੋਂ ਵੱਧ ਦੂਰੀ ਤੇ ਨਹੀਂ ਹੈ। ਫੌਜੀਆਂ ਦੇ ਹਿਸਾਬ ਨਾਲ, ਇੱਕ ਕਦਮ 30 ਇੰਚ ਜਾਂ 2 1/2 ਫੁੱਟ ਦਾ ਹੁੰਦਾ ਹੈ। ਇਸ ਹਿਸਾਬ ਨਾਲ ਦੁਨੀਆਂ ਦਾ ਕੋਈ ਦੂਰ ਤੋਂ ਦੂਰ ਦਾ ਥਾਂ ਭੀ ਸਾਥੋਂ ਪੌਣੇ ਤਿੰਨ ਕਰੋੜ ਕਦਮ ਤੋਂ ਦੂਰ ਨਹੀਂ ਹੈ। ਜਦੋਂ ਅਸੀਂ ਆਪਣੇ ਘਰ ਦੇ ਮੰਜੇ ਤੋਂ ਉੱਠ ਕੇ ਰੱਬ ਨੂੰ ਮਿਲਣ ਲਈ ਚੱਲਦੇ ਹਾਂ ਤਾਂ ਸਿਰਫ ਦੋ ਕਦਮ ਪੁੱਟ ਕੇ ਤੀਸਰਾ ਕਦਮ ਹਾਲੇ ਹਵਾ ਵਿੱਚ ਹੀ ਹੁੰਦਾ ਹੈ ਤਾਂ ਰੱਬ ਸਾਨੂੰ ਆ ਮਿਲਦਾ ਹੈ ਜਦੋਂ ਕਿ ਅਸੀਂ ਹਾਲੇ ਘਰ ਦੇ ਬੂਹੇ ਦੇ ਅੰਦਰ ਹੀ ਹੁੰਦੇ ਹਾਂ। ਹੁਣ ਭਾਈ ਗੁਰਦਾਸ ਜੀ ਜੈਸੇ ਮਹਾਂਪੁਰਸ਼ ਨੇ ਸਾਡੇ ਮੋਢੇ ਨਾਲ ਮੋਢਾ ਡਾਹ ਲਿਆ ਹੈ ਤਾਂ ਹੁਣ ਅਸੀਂ ਕਿਸੀ ਤੋਂ ਭੀ ਨਹੀਂ ਡਰਦੇ ਤੇ ਡੰਕੇ ਦੀ ਚੋਟ ਨਾਲ ਆਖ ਸਕਦੇ ਹਾਂ ਕਿ ਰੱਬ ਜੀ ਸਾਨੂੰ ਘਰ ਆ ਕੇ ਆਪ ਮਿਲਦਾ ਹੈ।

ਅਸਲ ਹਕੀਕਤ ਇਹ ਹੈ ਕਿ ਦਸਮ ਦੁਆਰ ਖੁੱਲ੍ਹਣ ਤੇ ਹੀ ਪਰਮ-ਆਤਮਾ ਅਤੇ ਜੀਵ-ਆਤਮਾ ਦਾ ਆਪਸ ਵਿੱਚ ਮਿਲਾਪ ਹੁੰਦਾ ਹੈ। ਦਸਮ-ਦੁਆਰ ਸਾਡੇ ਆਪਣੇ ਸਰੀਰ ਦੇ ਅੰਦਰ ਹੀ ਹੈ। ਦੋਨਾਂ ਦਾ ਮਿਲਾਪ ਭੀ ਸਾਡੇ ਆਪਣੇ ਸਰੀਰ ਦੇ ਅੰਦਰ ਹੀ ਹੁੰਦਾ ਹੈ ਤਾਂ ਸਾਫ ਹੈ ਕਿ ਪਰਮ-ਆਤਮਾ, ਜੀਵ-ਆਤਮਾ ਨੂੰ ਆਪ ਆ ਕੇ ਮਿਲਦਾ ਹੈ। ਇਸ ਸੰਬੰਧ ਵਿੱਚ "ਸੂਰਜ ਕਿਰਣਿ ਮਿਲੇ" ਦੀ ਤੁਲਨਾ ਪੂਰੀ ਤਰ੍ਹਾਂ ਦਰੁਸਤ ਤੇ ਢੁੱਕਵੀਂ ਹੈ।

*****

## ਚੇਹਰੇ ਦੇ ਵਾਲਾਂ ਵਾਲੀਆਂ ਬੀਬੀਆਂ ਵਿੱਚ

ਮਰਦਊਪੁਣਾ (ਬਹਾਦਰੀ) ਅਤੇ ਦੈਵੀ ਗੁਣ ਵਧੇਰੇ ਹੁੰਦੇ ਹਨ। ਉਨ੍ਹਾਂ ਨੂੰ ਸਰੀਰ ਰੂਪੀ ਧਰਤੀ ਉੱਪਰ ਵਾਲ ਰੂਪੀ ਉੱਗੇ ਰੁੱਖ ਉਖੇੜ ਕੇ ਬਲ-ਹੀਣ ਨਹੀਂ ਹੋਣਾ ਚਾਹੀਦਾ ਸਗੋਂ ਕੁਦਰਤੀ ਦਾਤ ਦੀ ਪਾਲਣਾ ਕਰ ਕੇ ਦਾਤਾਰ ਪ੍ਰਭੂ ਦੀ ਖੁਸ਼ੀ ਹਾਸਲ ਕਰਨੀ ਚਾਹੀਦੀ ਹੈ। ਵਾਲਾਂ ਕਾਰਨ ਮਨ ਵਿੱਚ ਹੀਣਤਾ ਭਾਵ (Inferiority Complex) ਲਿਆਉਣ ਦੀ ਬਜਾਏ ਉੱਚੇ ਰੱਬੀ ਗੁਣਾਂ ਦਾ ਮਾਣ ਕਰਨਾ ਚਾਹੀਦਾ ਹੈ।

ਘਟਿ ਵਸਹਿ ਚਰਣਾਰਬਿੰਦ, ਰਸਨਾ ਜਪੈ ਗੁਪਾਲ।।
ਨਾਨਕ ਸੋ ਪ੍ਰਭੁ ਸਿਮਰੀਐ, ਤਿਸੁ ਦੇਹੀ ਕਉ ਪਾਲਿ।। (ਪੰਨਾ ੫੫੪)



www.AKJ.Org

# ਜਪਿ ਗੁਰ ਗੋਪਾਲ ਪ੍ਰਭੁ ਸੋਈ

(ਭਾਈ ਜਸਬੀਰ ਸਿੰਘ ਜੀ ਖਾਲਸਾ, ਖੰਨੇ ਵਾਲੇ)

ਲਾਖ ਚੰਗੀ ਤਰ੍ਹਾਂ ਪੰਘਰੀ ਹੋਈ ਹੋਵੇ ਤਾਂ ਉਸ ਵਿੱਚ ਮੋਹਰ ਅਸਾਨੀ ਨਾਲ ਲੱਗੇਗੀ। ਇਸਦਾ ਮਤਲਬ ਇਹ ਹੈ ਕਿ ਮੋਹਰ ਲਾਉਣ ਲਈ ਲਾਖ ਨੂੰ ਚੰਗੀ ਤਰ੍ਹਾਂ ਪੰਘਰਾਉਣਾ ਜ਼ਰੂਰੀ ਹੈ। ਜਿਸ ਤਰ੍ਹਾਂ ਲਾਖ ਨੂੰ ਪੰਘਰਾਉਣਾ ਜ਼ਰੂਰੀ ਹੈ ਇਸੇ ਤਰ੍ਹਾਂ ਮਨ ਦਾ ਦ੍ਰਵਣਾ ਜ਼ਰੂਰੀ ਹੈ। ਜੇ ਮਨ ਦ੍ਰਵ ਜਾਵੇ ਤਾਂ ਜਿਸ ਮੰਜ਼ਿਲ ਤੇ ਅਸੀਂ ਜਾਣਾ ਚਾਹੁੰਦੇ ਹਾਂ ਤਾਂ ਦ੍ਰਵੇ ਹੋਏ ਮਨ ਕਰਕੇ ਉਸ ਮੰਜ਼ਿਲ ਤੇ ਪਹੁੰਚਣਾ ਆਸਾਨ ਹੋਵੇਗਾ। ਜਿਸਨੂੰ ਅਸੀਂ ਜੀਵਨ ਸਮਝੀ ਬੈਠੇ ਹਾਂ ਉਹ ਜੀਵਨ ਮੰਜ਼ਿਲ ਨਹੀਂ ਹੈ। ਜੀਵਨ ਉਸ ਮੰਜ਼ਿਲ ਤੇ ਜਾਣ ਲਈ ਇਕ ਮਾਰਗ ਹੈ। ਜੀਵਨ ਇਕ ਰਸਤਾ ਹੈ ਜਿਸ ਰਸਤੇ ਤੇ ਚੱਲ ਕੇ, ਅਸੀਂ ਮੰਜ਼ਿਲ ਤੇ ਪਹੁੰਚਣਾ ਹੈ ਪਰ ਮਨੁੱਖ ਨੇ ਜੀਵਨ ਨੂੰ ਹੀ ਮੰਜ਼ਿਲ ਸਮਝ ਲਿਆ ਹੈ। ਜੇਕਰ ਬੰਦਾ ਰਸਤੇ ਨੂੰ ਹੀ ਮੰਜ਼ਿਲ ਸਮਝ ਲਵੇ, ਉਹ ਰਸਤੇ ਤੇ ਹੀ ਰੁਕ ਜਾਵੇਗਾ, ਉਹ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕੇਗਾ। ਸਾਨੂੰ ਜੋ ਇਹ ਦੇਹ ਮਿਲੀ ਹੈ, ਇਹ ਜੀਵਨ ਮਿਲਿਆ ਹੈ, ਇਹ ਗੋਬਿੰਦ ਦੀ ਪ੍ਰਾਪਤੀ ਵਾਸਤੇ ਹੈ। ਸਾਡਾ ਨਿਸ਼ਾਨਾ ਗੋਬਿੰਦ ਦੀ ਪ੍ਰਾਪਤੀ ਹੈ, ਮਾਰਗ ਜੀਵਨ ਦਾ ਹੈ। ਜੇਕਰ ਇਸ ਜੀਵਨ ਯਾਤ੍ਰਾ ਵਿੱਚ, ਇਸ ਮਾਰਗ ਤੇ ਤੁਰਦਿਆਂ ਮਨ ਦ੍ਰਵਿਆ ਰਹੇ ਤਾਂ ਫਿਰ ਜੀਵਨ ਯਾਤ੍ਰਾ ਉਸ ਮੰਜ਼ਿਲ ਵੱਲ ਤੁਰ ਪਵੇਗੀ ਜਿਸ ਲਈ ਜੀਵਨ ਮਿਲਿਆ ਹੈ। ਹੁਣ ਵੀਚਾਰ ਕਰਦੇ ਹਾਂ ਕਿ ਮਨ ਕਿਵੇਂ ਦ੍ਰਵੇ ? ਮਨ ਦੇ ਦ੍ਰਵਣ ਦੀ ਜੁਗਤ ਕੀ ਹੈ ? ਸਤਿਗੁਰੂ ਜੀ ਨੇ ਮਨ ਨੂੰ ਦ੍ਰਵਣ ਦੀ ਜੁਗਤ ਦੱਸੀ ਹੈ 'ਜਪੁ'। ਇਕ 'ਜਪੁ' ਹੀ ਹੈ ਜਿਸ ਨਾਲ ਮਨ ਨੂੰ ਦ੍ਰਵ ਸਕਦਾ ਹੈ।

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ।।
(ਪੰਨਾ ੬੧੭)

'ਜਪੁ' ਹੀ ਇੱਕ ਐਸੀ ਜੁਗਤ ਹੈ ਜਿਸ ਨਾਲ ਮਨ ਦ੍ਰਵਿਆ ਜਾ ਸਕਦਾ ਹੈ। ਜਿਸ ਜਪ ਕਰਕੇ ਮਨ ਦ੍ਰਵਿਆ ਜਾਏ ਉਸ ਦੇ ਜਪਣ ਲਈ ਕੀ ਜੁਗਤ ਹੈ ? ਉਸ ਦੇ ਜਪਣ ਲਈ ਇੱਕ ਜੁਗਤ ਹੈ 'ਸਤਸੰਗਤ', ਦੂਸਰੀ ਹੈ 'ਸਿਮਰਨ'। ਸਤਿਗੁਰੂ ਜੀ ਕਹਿੰਦੇ ਹਨ-

"ਜਪਿ ਗੁਰ ਗੋਪਾਲ ਪ੍ਰਭੁ ਸੋਈ।।"

ਕਿਸਨੂੰ ਜਪਣਾ ਹੈ ? ਉਸ ਨੂੰ ਜਪਣਾ ਹੈ ਜੋ ਵੱਡਾ ਹੈ, ਜੋ ਪਾਲਣਾ ਕਰਨ ਵਾਲਾ ਹੈ। ਗੋਪਾਲ ਦਾ ਭਾਵ ਹੈ ਪ੍ਰਿਥਵੀ ਦੀ ਪਾਲਣਾ ਕਰਨ ਵਾਲਾ। ਉਸ ਗੋਪਾਲ ਦੇ ਜਪਣ ਨਾਲ ਆਤਮਕ ਸੁੱਖ ਮਿਲਦਾ ਹੈ, ਆਤਮਕ ਅਨੰਦ ਮਿਲਦਾ ਹੈ, ਉਸ ਦੀ ਯਾਦ ਵਿੱਚ ਰਹਿਣ ਨਾਲ ਮੁੜ ਕੇ ਦੁੱਖ ਨਹੀਂ ਆਉਂਦਾ। ਗੁਰਬਾਣੀ ਵਿੱਚ ਕਈ ਸ਼ਬਦਾਂ ਵਿੱਚ ਜਪ ਦਾ ਜ਼ਿਕਰ ਆਇਆ ਹੈ।

ਨਾਮੁ ਨਿਧਾਨੁ ਜਪਹੁ ਦਿਨੁ ਰਾਤੀ
ਮਨ ਚਿੰਦੇ ਫਲ ਪਾਇ।। (ਪੰਨਾ ੧੨੭੧)

'ਜਪੁ' ਲਈ ਸਤਸੰਗਤਿ ਤੇ ਸਿਮਰਨ ਦੀ ਲੋੜ ਹੈ ਤਾਂ ਕਿ ਯਾਦ ਬਣੀ ਰਹੇ। ਪਹਿਲਾਂ ਜਪ ਲਈ ਸਤਸੰਗਤਿ ਬਾਰੇ ਵੀਚਾਰ ਕਰਦੇ ਹਾਂ, ਸਤਸੰਗਤਿ ਦਾ ਭਾਵ ਹੈ ਜਿਥੇ 'ਸਤ' ਦਾ ਸੰਗ ਹੋਵੇ। ਜਿਥੇ ਸਤ ਹੀ ਸੁਣਿਆ ਜਾਏ, ਸਤ ਹੀ ਗਾਇਆ ਜਾਏ, ਸਤ ਹੀ ਸੁੰਘਿਆ ਜਾਏ, ਸਤ ਵਿੱਚ ਹੀ ਸਮਾਇਆ ਜਾਏ ਤਾਂ ਉਹ ਹੈ ਸਤ ਸੰਗਤ। ਸਤ ਸਰੂਪ ਈਸ਼ਵਰ ਦਾ ਆਪਣਾ ਸਰੂਪ ਹੈ। ਸਤਿਗੁਰੂ ਕਹਿੰਦੇ ਹਨ-

ਸਤਿ ਸਤਿ ਸਤਿ ਪ੍ਰਭੁ ਸੁਆਮੀ।।
ਗੁਰ ਪਰਸਾਦਿ ਕਿਨੈ ਵਖਿਆਨੀ।।
(ਪੰਨਾ ੨੭੯)

ਈਸ਼ਵਰ ਦੇ ਨਾਮ ਦਾ ਸੰਗ ਹੀ ਈਸ਼ਵਰ ਦਾ ਸੰਗ ਹੈ। ਸੋ ਸਤ-ਸੰਗਤਿ ਉਹ ਹੈ ਜਿੱਥੇ ਪਰਮਾਤਮਾ ਦੇ ਨਾਮ ਦਾ ਸੰਗ ਕੀਤਾ ਜਾਏ, ਜਿੱਥੇ ਕੇਵਲ ਨਾਮ ਦੀ ਗੱਲ ਹੋਵੇ।

"ਸਤਸੰਗਤਿ ਕੈਸੀ ਜਾਣੀਐ।।
ਜਿਥੈ ਏਕੋ ਨਾਮੁ ਵਖਾਣੀਐ।।" (ਪੰਨਾ ੭੨)

ਜੇ ਬੰਦਾ ਸਤ-ਸੰਗਤ ਵਿੱਚ ਆਵੇ ਤੇ ਇੱਥੇ ਆ ਕੇ ਝੂਠ ਮੰਗੇ, ਉਹ ਸਤਸੰਗੀ ਨਹੀਂ ਹੋ ਸਕਦਾ। ਸਤਸੰਗਤਿ ਵਿੱਚ ਆ ਕੇ ਜੋ ਅਸੀਂ ਸਤਿਗੁਰਾਂ ਪਾਸੋਂ ਮੰਗ ਰਹੇ ਹਾਂ ਕਿਧਰੇ ਉਹ ਝੂਠ ਤਾਂ ਨਹੀਂ ? ਝੂਠ ਦਾ ਭਾਵ ਉਹ ਵਸਤੂ ਜੋ ਨਾਸ਼ਵੰਤ ਹੈ ? ਕਿਤੇ ਉਹ ਤਾਂ ਨਹੀਂ ਮੰਗ ਰਹੇ ? ਜੋ ਵਸਤੂ ਮੰਗ ਰਹੇ ਹਾਂ ਉਸ ਨੇ ਮਰ ਤਾਂ ਨਹੀਂ ਜਾਣਾ ? ਜੇਕਰ ਕੋਈ ਅਜਿਹੀ ਵਸਤੂ ਮੰਗਦਾ ਹੈ ਜਿਸਨੇ ਮਰ ਜਾਣਾ ਹੈ ਤਾਂ ਉਹ ਫਿਰ ਸਤਸੰਗੀ ਨਹੀਂ, ਵਸਤੂ ਦਾ ਸੰਗੀ ਹੈ। ਜੋ ਸਤਸੰਗ ਵਿੱਚ ਆ ਕੇ ਝੂਠ ਮੰਗੇ, ਉਹ ਸਤਸੰਗੀ ਨਹੀਂ ਹੋ ਸਕਦਾ। ਜੋ ਸਤਸੰਗ ਵਿੱਚ ਆ ਕੇ ਝੂਠ ਵੇਖੇ, ਉਹ ਭੀ ਸਤਸੰਗੀ ਨਹੀਂ ਹੋ ਸਕਦਾ। ਝੂਠ ਵੇਖਣ ਤੋਂ ਭਾਵ ਹੈ ਅਸੀਂ ਸਤਿਗੁਰਾਂ ਦੇ ਦਰਸ਼ਨ ਤਾਂ ਨਾ ਕਰੀਏ ਲੇਕਿਨ ਇੱਕ ਦੂਜੇ ਨੂੰ ਆਉਂਦਿਆਂ ਨੂੰ ਵੇਖੀਏ, ਕੋਈ ਕੈਸੇ ਕੱਪੜੇ ਪਾ ਕੇ



www.AKJ.Org

ਆਇਆ ਹੈ, ਕੋਈ ਕਿਸ ਰੂਪ ਵਿੱਚ ਆਇਆ ਹੈ, ਕੈਸਾ ਫੈਸ਼ਨ ਲੈ ਕੇ ਆਇਆ ਹੈ। ਸਤਿਗੁਰ ਕਹਿੰਦੇ ਹਨ, *"ਇੱਥੇ ਆ ਕੇ ਭੀ ਜੇਕਰ ਤੂੰ ਕੂੜ ਨੂੰ ਵੇਖਿਆ ਹੈ ਤਾਂ ਤੂੰ ਸਤਸੰਗੀ ਨਹੀਂ ਹੋ ਸਕਦਾ।"* ਜੇਕਰ ਸਤਸੰਗ ਵਿੱਚ ਆ ਕੇ ਕੋਈ ਕੂੜ ਬੋਲੇ, ਉਹ ਭੀ ਸਤਸੰਗੀ ਨਹੀਂ ਹੋ ਸਕਦਾ। ਜੇ ਇੱਥੇ ਆ ਕੇ ਭੀ ਗੁਰੂ ਦਾ ਨਾਮ ਨਾ ਬੋਲੀਏ, ਇੱਕ ਦੂਜੇ ਦੀ ਨਿੰਦਿਆ ਹੀ ਕਰੀ ਜਾਈਏ ਤਾਂ ਸਤਿਗੁਰ ਕਹਿੰਦੇ ਹਨ, ਇੱਥੇ ਆ ਕੇ ਭੀ ਤੂੰ ਸੱਚ ਦੀ ਗੱਲ ਨਹੀਂ ਕਰਦਾ। ਕਈ ਵਾਰ ਪ੍ਰਬੰਧਕ ਭੀ ਸੰਗਤ ਵਿੱਚ ਬੈਠਿਆਂ ਹੀ ਗੱਲਾਂ ਕਰੀ ਜਾਂਦੇ ਹਨ। ਜੇਕਰ ਕੋਈ ਜ਼ਰੂਰੀ ਗੱਲ ਭੀ ਕਰਨੀ ਹੋਵੇ ਤਾਂ ਸੰਗਤ ਵਿੱਚੋਂ ਬਾਹਰ ਜਾ ਕੇ ਕਰਨੀ ਚਾਹੀਦੀ ਹੈ। ਹੋ ਸਕਦਾ ਹੈ ਕੋਈ ਸਤ ਨਾਲ ਜੁੜਿਆ ਹੋਵੇ, ਤੁਸੀਂ ਤੋੜ ਬੈਠੋ। ਪ੍ਰਬੰਧਕ ਭੀ ਤਾਂ ਸਤਸੰਗੀ ਹਨ ? ਸਤਿਗੁਰੂ ਉਨ੍ਹਾਂ ਪਾਸੋਂ ਸੇਵਾ ਲੈ ਰਹੇ ਹਨ। ਸਤਸੰਗਤਿ ਵਿੱਚ ਬਿਨਾਂ ਨਾਮ ਤੋਂ ਗੱਲ ਕਰਨ ਵਾਲਾ ਭੀ ਸਤਸੰਗੀ ਨਹੀਂ ਹੈ। ਜੋ ਸਤਸੰਗਤਿ ਵਿੱਚ ਆ ਕੇ ਸਤ ਨੂੰ ਸੁੰਘਿਆ ਨਹੀਂ, ਉਹ ਸਤਸੰਗੀ ਨਹੀਂ ਹੋ ਸਕਦਾ। ਜੇ ਬੰਦਾ ਅਜੇ ਸਤਸੰਗੀ ਨਹੀਂ ਹੋਇਆ ਤਾਂ ਜਪ ਕਿਵੇਂ ਹੋਵੇਗਾ ? ਸਤਸੰਗ ਦਾ ਆਰੰਭ ਪਹਿਲਾਂ ਸਰੀਰ ਤੋਂ ਹੁੰਦਾ ਹੈ ਕਿਉਂਕਿ ਅਸੀਂ ਪਹਿਲਾਂ ਸਰੀਰ ਕਰਕੇ ਸੰਗਤ ਵਿੱਚ ਆਉਂਦੇ ਹਾਂ। ਇਹ ਨਹੀਂ ਹੋ ਸਕਦਾ ਕਿ ਸਰੀਰ ਤਾਂ ਘਰ ਹੋਵੇ ਤੇ ਮਨੁੱਖ ਕਹੇ ਕਿ ਮੈਂ ਸੁਰਤ ਸੰਗਤ ਵਿੱਚ ਭੇਜ ਦਿੱਤੀ ਹੈ। ਪਹਿਲਾਂ ਮਨੁੱਖ ਸਰੀਰ ਕਰਕੇ ਆਉਂਦਾ ਹੈ। ਸਤਿਗੁਰ ਦੀ ਸਤਸੰਗਤਿ ਵਿੱਚ ਨਾਮ ਜਪਿਆ ਜਾ ਰਿਹਾ ਹੈ, ਬਾਣੀ ਦਾ ਜਪ ਗਾਇਆ ਜਾ ਰਿਹਾ ਹੈ। ਹੁਣ ਸਰੀਰ ਕਰਕੇ ਆਏ ਤੇ ਸਰੀਰ ਕਰਕੇ ਉੱਠ ਕੇ ਚਲੇ ਗਏ। ਇਹ ਨਾ ਸੋਚਣਾ ਕਿ ਕੋਈ ਆਇਆ ਤੇ ਚਲਾ ਗਿਆ, ਸੁਣ ਕੇ ਕੁੱਝ ਨਹੀਂ ਗਿਆ। ਇਹ ਤਾਂ ਆਰੰਭ ਹੈ। ਜਿਹੜਾ ਕਦੇ ਸੰਗਤ ਵਿੱਚ ਨਹੀਂ ਆਇਆ, ਸੰਗਤ ਵਿੱਚ ਆਉਣ ਲੱਗ ਪਿਆ, ਆਇਆ ਤੇ ਬੈਠਿਆਂ ਕੁੱਝ ਲਾਭ ਜ਼ਰੂਰ ਹੋਵੇਗਾ। ਸਤਸੰਗਤ ਤੋਂ ਭਾਵ ਕੇਵਲ ਮੱਥਾ ਟੇਕਣਾ ਨਹੀਂ ਹੈ ਸਗੋਂ ਬੈਠਣਾ ਹੈ। ਅਸੀਂ ਆਏ ਕੁੱਝ ਸਮਾਂ ਬੈਠੇ ਤੇ ਚਲੇ ਗਏ ਪਰ ਇਹ ਨਹੀਂ ਕਹਿ ਸਕਦੇ ਕਿ ਕੁੱਝ ਨਹੀਂ ਮਿਲਿਆ। ਆਰੰਭਕ ਸਟੇਜ ਹੈ 'ਆਉਣਾ'। ਸਤਸੰਗਤ ਵਿੱਚ ਜੋ ਨਾਮ ਜਪਿਆ ਜਾ ਰਿਹਾ ਹੈ, ਜੋ ਬਖ਼ਸ਼ਿਸ਼ਾਂ ਵੰਡੀਆਂ ਜਾ ਰਹੀਆਂ ਹਨ, ਉਸ ਦਾ ਕੁੱਝ ਨਾ ਕੁੱਝ ਲਾਭ ਆਉਣ ਵਾਲਾ ਲੈ ਕੇ ਜਾਂਦਾ ਹੈ। ਮਨੁੱਖ ਜਿਤਨਾ ਮਰਜ਼ੀ ਯਤਨ ਕਰ ਲਵੇ ਕਿ ਮੈਂ ਸਤਸੰਗਤਿ ਵਿੱਚ ਕੁੱਝ ਨਹੀਂ ਸੁਣਦਾ, ਲੇਕਿਨ ਕੁੱਝ ਨਾ ਕੁੱਝ ਤਾਂ ਸੁਣ ਹੀ ਲੈਂਦਾ ਹੈ। ਜੋ ਕੁੱਝ ਉਸਨੇ ਸੁਣ ਲਿਆ ਹੈ, ਉਸ ਨੇ ਹੀ ਅਸਰ ਕਰਨਾ ਹੈ। ਭਾਵੇਂ ਕੋਈ ਇਹ ਕਹੇ ਕਿ ਅਸੀਂ ਕਿਸੇ ਦੇ ਮੂੰਹ ਮੁਲਾਹਜ਼ੇ ਸਤਸੰਗਤਿ ਵਿੱਚ ਗਏ ਸੀ, ਗੁਰੂ ਕੋਲ ਕੁੱਝ ਸਮਾਂ ਬੈਠੇ ਤੇ ਉੱਠ ਕੇ ਆ ਗਏ ਲੇਕਿਨ ਫੇਰ ਵੀ ਕੁੱਝ ਜ਼ਰੂਰ ਸੁਣਿਆ ਹੈ। ਮਨੁੱਖ ਦਾ ਸੁਣਨ ਦਾ ਸੁਭਾਅ ਕੁੱਝ ਹੋਰ ਤਰ੍ਹਾਂ ਦਾ ਹੈ। ਅਸੀਂ ਉਹ ਗੱਲ ਸੁਣਦੇ ਹਾਂ ਜਿਹੜੀ ਸਾਡੇ ਮਨ ਨੂੰ ਚੰਗੀ ਲੱਗੇ। ਅਸੀਂ ਉਹ ਗੱਲ ਨਹੀਂ ਸੁਣਦੇ ਜਿਹੜੀ ਸਾਡੇ ਮਨ ਨੂੰ ਚੰਗੀ ਨਾ ਲੱਗੇ। ਅਸੀਂ ਉਹ ਸੁਣਦੇ ਹਾਂ ਜਿੱਥੇ ਮੇਰਾ ਮਨ ਖਲੋਤਾ ਹੈ, ਉਸ ਨੂੰ ਕੋਈ ਤਬਦੀਲ ਨਾ ਕਰ ਸਕੇ। ਫਿਰ ਤਬਦੀਲੀ ਕਿਵੇਂ ਆਵੇਗੀ ? ਜਿੰਨਾਂ ਮਨੁੱਖਾਂ ਦੇ ਬੋਲਣ ਦਾ ਸੁਭਾਅ ਹੈ ਓਨਾ ਸੁਣਨ ਦਾ ਸੁਭਾਅ ਨਹੀਂ ਹੈ। ਮਨੁੱਖ ਦੇ ਬੋਲਣ ਦਾ ਸੁਭਾਅ ਬਹੁਤ ਜ਼ਿਆਦਾ ਹੈ, ਮਨੁੱਖ ਦੇ ਸੁਣਨ ਦਾ ਸੁਭਾਅ ਬਹੁਤ ਘੱਟ ਹੈ। ਪ੍ਰਾਰੰਭ ਵਿੱਚ ਤਾਂ ਸੰਗਤ ਵਿੱਚ ਸਰੀਰ ਕਰਕੇ ਆਏ, ਬੈਠ ਕੇ ਸੁਣਦੇ ਰਹੇ ਪਰ ਕਾਸ਼ ! ਸਰੀਰ ਕਰਕੇ ਸੁਣਦੇ ਸੁਣਦੇ ਜੇ ਕਦੇ ਮਨ ਭੀ ਹਾਜ਼ਰੀ ਭਰ ਗਿਆ ਤਾਂ ਮਨ ਦੇ ਹਾਜ਼ਰੀ ਭਰਨ ਨਾਲ ਦ੍ਰਵਣਾ ਆਰੰਭ ਹੋ ਜਾਵੇਗਾ। ਪਹਿਲੀ ਸਟੇਜ ਹੈ ਸਤਸੰਗਤਿ ਵਿੱਚ ਆਉਣਾ, ਦੂਸਰੀ ਸਟੇਜ ਹੈ ਗੁਰਬਾਣੀ ਦੀ ਸੰਗਤ। ਜੇਕਰ ਕੋਈ ਸਰੀਰ ਕਰਕੇ ਆ ਜਾਵੇ, ਬੈਠ ਗਿਆ, ਹਾਜ਼ਰੀ ਭਰਦਾ ਰਿਹਾ, ਸਤਸੰਗਤਿ ਵਿੱਚ ਗੁਰਬਾਣੀ ਦਾ ਪ੍ਰਵਾਹ ਚੱਲਦਾ ਹੋਏਗਾ, ਜੇਕਰ ਬਾਣੀ ਦੀ ਸੰਗਤ ਆਰੰਭ ਹੋ ਗਈ, ਕੰਨੀਂ ਸਤਿਗੁਰੂ ਜੀ ਦੀ ਬਾਣੀ ਪੈ ਗਈ ਫਿਰ ਸਤਸੰਗਤਿ ਵਿੱਚ ਆਉਂਦਿਆਂ ਆਉਂਦਿਆਂ ਬਾਣੀ ਦੀ ਵੀਚਾਰ ਮਨ ਤੇ ਘਾਸਾ ਪਾਉਣ ਲੱਗ ਪਵੇਗੀ ਜਿਵੇਂ ਖੂਹ ਚੋਂ ਪਾਣੀ ਕੱਢਣ ਸਮੇਂ ਰੱਸੀ ਉਸ ਘਿਰੜੇ ਉੱਤੇ ਜਿਸ ਉੱਤੇ ਘੁੰਮਦੀ ਹੈ, ਘਾਸਾ ਪਾ ਦਿੰਦੀ ਹੈ। ਜਦੋਂ ਬਾਣੀ ਮਨ ਤੇ ਘਾਸਾ ਪਾਵੇਗੀ ਤਾਂ ਮਨ ਦਾ ਦ੍ਰਵਣਾ ਹੋਰ ਵੱਧ ਜਾਵੇਗਾ। ਤੀਸਰੀ ਗੱਲ ਹੈ ਉਨ੍ਹਾਂ ਗੁਰਮੁਖਾਂ ਦੀ ਸੰਗਤ ਕਰਨੀ, ਜਿਨ੍ਹਾਂ ਦਾ ਮਨ ਦ੍ਰਵਿਆ ਹੋਇਆ ਹੈ। ਇਹ ਜ਼ਰੂਰੀ ਨਹੀਂ ਕਿ ਉਹ ਇੱਕ ਥਾਂ ਤੇ ਮਿਲਣ। ਸਾਨੂੰ ਕਿਸੇ ਵੀ ਸਮੇਂ, ਕਿਸੇ ਵੀ ਸਥਾਨ ਤੇ ਮਿਲ ਸਕਦੇ ਹਨ। ਉਹ ਗੁਰਮੁਖ ਜਿਨ੍ਹਾਂ ਦਾ ਮਨ ਦ੍ਰਵਿਆ ਹੋਇਐ, ਉਸ ਦੀ ਨਿਸ਼ਾਨੀ ਕੀ ਹੋਏਗੀ ? ਜਿਸ ਦਾ ਆਪਣਾ ਮਨ ਦ੍ਰਵਿਆ ਹੋਵੇਗਾ ਉਸ ਬਾਰੇ ਸਤਿਗੁਰੂ ਜੀ ਕਹਿੰਦੇ ਹਨ, ਪਰਮਾਤਮਾ ਦੀ ਪ੍ਰਾਪਤੀ ਹੀ ਉਸ ਨੂੰ ਹੁੰਦੀ ਹੈ।



www.AKJ.Org

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ।।
ਹਰਿ ਦਰਗਹ ਕਹੁ ਕੈਸੇ ਗਵੈ।।
(ਪੰਨਾ ੨੭੯)

ਹੇ ਭਾਈ। ਜੇ ਮਨ ਨਹੀਂ ਦ੍ਰਵਿਆ ਤਾਂ ਪਰਮਾਤਮਾ ਦੀ ਪ੍ਰਾਪਤੀ ਤਾਂ ਇੱਕ ਪਾਸੇ ਰਹੀ ਤੂੰ ਤਾਂ ਅਜੇ ਉਸ ਰਸਤੇ ਤੇ ਭੀ ਨਹੀਂ ਤੁਰਿਆ ਜੋ ਰਸਤਾ ਪਰਮਾਤਮਾ ਵੱਲ ਲੈ ਜਾਂਦਾ ਹੈ। ਬਾਣੀ ਕਰਕੇ ਮਨ ਦਾ ਦ੍ਰਵਣਾ ਹੋਰ ਵੱਧਦਾ ਹੈ। ਫਿਰ ਜੇ ਐਸੀ ਬਾਣੀ ਜਿਸਦੇ ਅੰਦਰ ਵਸੀ ਹੋਵੇ ਉਸ ਗੁਰਮੁਖ ਦੀ ਸਤਸੰਗਤ ਮਿਲ ਜਾਵੇ, ਉਸ ਗੁਰਮੁਖ ਦੇ ਕੋਲ ਬੈਠਣਾ ਮਿਲ ਜਾਵੇ ਤਾਂ ਵੱਡੇ ਭਾਗ ਹਨ। ਬੈਠਣਾ ਕਿਵੇਂ ਹੈ ? ਕੀ ਸਿਰਫ ਨੇੜੇ ਢੁੱਕ ਕੇ ਬੈਠਣਾ ਹੀ ਬੈਠਣਾ ਹੈ ? ਨਹੀਂ। ਜੇ ਗੁਰਮੁਖ ਮਿਲ ਜਾਵੇ ਤਾਂ ਉਸ ਨਾਲ ਬੋਲਣਾ ਚਾਹੀਦਾ ਹੈ। ਜੇ ਕੋਈ ਗੁਰਮੁਖ ਸੰਤ ਮਿਲ ਜਾਵੇ ਤਾਂ ਗੱਲ ਬਾਤ ਕਰਨੀ ਚਾਹੀਦੀ ਹੈ ਪਰ ਜੇ ਕੋਈ ਅਸੰਤ ਮਿਲੇ, ਪਾਪੀ ਮਿਲੇ ਤਾਂ ਚੁੱਪ ਕਰ ਜਾਣਾ ਚਾਹੀਦਾ ਹੈ। ਉਸ ਨਾਲ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।

ਸੰਤੁ ਮਿਲੈ ਕਿਛੁ ਸੁਨੀਐ ਕਹੀਐ।।
ਮਿਲੈ ਅਸੰਤੁ ਮਸਟਿ ਕਰਿ ਰਹੀਐ।।
(ਪੰਨਾ ੮੭੦)

ਸਾਕਤ ਨਾਲ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਬੇਮੁੱਖ ਨਾਲ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਪਰ ਜੇ ਗੁਰਮੁਖ ਮਿਲੇ ਤਾਂ ਗੱਲਾਂ ਕਰਨੀਆਂ ਚਾਹੀਦੀਆਂ ਹਨ। ਕੁੱਝ ਕਹਿਣਾ ਚਾਹੀਦਾ ਹੈ, ਕੁੱਝ ਸੁਣਨਾ ਚਾਹੀਦਾ ਹੈ। ਗੁਰਮੁਖ ਦਾ ਸੰਗ ਕਰਨ ਦਾ ਲਾਭ ਤਾਂ ਹੀ ਹੈ, ਗੁਰਮੁਖ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਕਿਵੇਂ ਪ੍ਰਭੂ ਪਾਇਆ ਹੈ ? ਤੁਸੀਂ ਆਪਣੇ ਮਨ ਨੂੰ ਕਿਵੇਂ ਦ੍ਰਵਿਆ ਹੈ ? ਤੁਸੀਂ ਮਨ ਨੂੰ ਦ੍ਰਵ ਕੇ ਕੰਤ ਨੂੰ ਕਿਵੇਂ ਪਾਇਆ ਹੈ ? ਮੇਰੇ ਤੇ ਵੀ ਕ੍ਰਿਪਾ ਕਰੋ। ਗੁਰਮੁਖ ਬਾਰੇ, ਐਸੀ ਸਖੀਆਂ ਬਾਰੇ ਸਤਿਗੁਰੂ ਜੀ ਦੇ ਸ਼ਬਦ ਹਨ। ਸਖੀ ਪੁੱਛਦੀ ਹੈ ਕਿ ਮੈਨੂੰ ਭੀ ਨਿਸ਼ਾਨੀ ਦੱਸੋ, ਮੈਨੂੰ ਵੀ ਜੁਗਤ ਦੱਸੋ ਜਿਸ ਜੁਗਤ ਨਾਲ ਤੁਸੀਂ ਪ੍ਰਭੂ ਨੂੰ ਪਾਇਆ ਹੈ। ਗੁਰਮੁਖ ਸਖੀ ਕਹਿੰਦੀ ਹੈ-

ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ।।
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ।।
(ਪੰਨਾ ੭੩੭)

ਆਪਣਾ ਮਨ ਤੇ ਤਨ ਅਰਪਣ ਕਰਕੇ ਲੋਕ ਲਾਜ ਛੱਡ ਦੇ। ਇਸ ਦਾ ਮਤਲਬ ਇਹ ਹੋਇਆ ਕਿ ਜਿਸ ਨੇ ਗੁਰਬਾਣੀ ਨੂੰ ਆਧਾਰ ਬਣਾ ਕੇ ਮਨ ਨੂੰ ਦ੍ਰਵਣ ਲਈ ਲੋਕ ਲਾਜ ਤਿਆਗ ਕੇ ਮਨ ਤੇ ਤਨ ਅਰਪਣ ਕਰ ਦਿੱਤਾ ਹੈ, ਉਸ ਦਾ ਮਨ ਦ੍ਰਵਿਆ ਗਿਆ। ਜਿਸਦਾ ਮਨ ਦ੍ਰਵਿਆ ਗਿਆ ਉਸ ਨੂੰ ਰਸਤਾ ਮਿਲ ਗਿਆ। ਜੀਵਨ ਇੱਕ ਰਸਤਾ ਹੈ, ਤੇ ਮੰਜ਼ਿਲ ਹੈ ਗੋਬਿੰਦ ਦੀ ਪ੍ਰਾਪਤੀ। ਜੀਵਨ ਮੰਜ਼ਿਲ ਨਹੀਂ। ਜੀਵਨ ਇੱਕ ਮਾਰਗ ਹੈ ਜਿਸ ਤੇ ਚੱਲ ਕੇ ਜੀਵਨ ਦਾ ਮਨੋਰਥ ਪੂਰਾ ਹੋਵੇਗਾ। "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" ਮਨੋਰਥ ਹੈ। ਗੋਬਿੰਦ ਤਾਂ ਬੜਾ ਨਜ਼ਦੀਕ ਹੈ। ਗੋਬਿੰਦ ਨੂੰ ਅਸੀਂ ਲੱਭਣ ਨਹੀਂ ਜਾਣਾ। ਇਹ ਪੱਕੀ ਗੱਲ ਹੈ। ਗੋਬਿੰਦ ਦੂਰ ਨਹੀਂ ਹੈ। ਜਿਹੜੇ ਲੱਭਣ ਤੁਰ ਪਏ ਹਨ ਉਹਨਾਂ ਨੇ ਲੱਭਿਆ ਨਹੀਂ। ਜਿਹਨਾਂ ਨੇ ਪਰਮਾਤਮਾ ਨੂੰ ਪਾਇਆ ਹੋਇਐ ਉਹ ਬਿਆਨ ਨਹੀਂ ਕਰ ਸਕਦੇ। ਜਿਹੜੇ ਬਿਆਨ ਕਰਦੇ ਹਨ ਉਨ੍ਹਾਂ ਨੇ ਪਾਇਆ ਨਹੀਂ। ਪਰਮਾਤਮਾ ਨੂੰ ਲੱਭਿਆ ਨਹੀਂ ਜਾ ਸਕਦਾ। ਲੱਭੀਦਾ ਉਸ ਨੂੰ ਹੈ ਜਿਹੜੀ ਚੀਜ਼ ਦੂਰ ਹੋਵੇ। ਉਹ ਲੱਭਣਗੇ ਜਿਹੜੇ ਪਰਮਾਤਮਾ ਤੋਂ ਅਲਹਿਦਾ ਹੋਣਗੇ। ਜਿਹੜੇ ਪਰਮਾਤਮਾ ਤੋਂ ਅਲਹਿਦਾ ਹੀ ਨਹੀਂ ਉਹ ਲੱਭਣਗੇ ਕੀ ? ਸਾਡੇ ਹੱਥ ਸਰੀਰ ਦਾ ਇੱਕ ਅੰਗ ਹਨ। ਕੀ ਸਾਡੇ ਹੱਥ ਸਰੀਰ ਨੂੰ ਲੱਭਣਗੇ ? ਕੋਈ ਕਹਿ ਸਕਦਾ ਹੈ ਕਿ ਮੇਰੇ ਹੱਥ ਸਰੀਰ ਨੂੰ ਲੱਭਣ ਤੁਰ ਪੈਣਗੇ ? ਹੱਥ ਸਰੀਰ ਦਾ ਅੰਗ ਹਨ, ਹੱਥ ਸਰੀਰ ਤੋਂ ਦੂਰ ਨਹੀਂ ਪਰ ਹੱਥ ਸਰੀਰ ਨੂੰ ਪਕੜ ਨਹੀਂ ਸਕਦੇ, ਸਾਰੇ ਸਰੀਰ ਨੂੰ ਨਹੀਂ ਪਕੜ ਸਕਦੇ। ਅੱਖਾਂ ਸਰੀਰ ਦਾ ਅੰਗ ਹਨ ਪਰ ਅੱਖਾਂ ਆਪਣੇ ਆਪ ਨੂੰ ਨਹੀਂ ਵੇਖ ਸਕਦੀਆਂ ਪਰ ਦੂਰ ਪਈਆਂ ਵਸਤੂਆਂ ਨੂੰ ਵੇਖ ਲੈਂਦੀਆਂ ਹਨ। ਅੱਖਾਂ ਆਪਣੇ ਅੱਖਾਂ ਵਿੱਚ ਪਏ ਹੋਏ ਸੁਰਮੇ ਨੂੰ ਨਹੀਂ ਵੇਖ ਸਕਦੀਆਂ, ਸ਼ੀਸ਼ਾ ਮੰਗਦੇ ਹਾਂ। ਜੇ ਹੱਥ ਸਰੀਰ ਦਾ ਅੰਗ ਹਨ ਤਾਂ ਸਾਨੂੰ ਸਰੀਰ ਨੂੰ ਲੱਭਣ ਦੀ ਲੋੜ ਨਹੀਂ। ਅਸੀਂ ਸਾਰੇ ਪਰਮਾਤਮਾ ਦਾ ਹੀ ਅੰਗ ਹਾਂ, ਅੰਗ ਤਾਂ ਫਿਰ ਨਾਲ ਹੀ ਜੁੜਿਆ ਹੈ। ਲੱਭਦੇ ਉਹ ਹਨ ਜੋ ਪਰਮਾਤਮਾ ਨੂੰ ਅਲਹਿਦਾ ਸਮਝਦੇ ਹਨ ਤੇ ਆਪਣੇ ਅੰਗ ਨੂੰ ਅਲਹਿਦਾ ਸਮਝਦੇ ਹਨ। ਜਦੋਂ ਅਸੀਂ ਪਰਮਾਤਮਾ ਦਾ ਹੀ ਅੰਗ ਹਾਂ ਫਿਰ ਲੱਭਣ ਦੀ ਲੋੜ ਕੀ ਹੈ ? ਹੱਥਾਂ ਨੂੰ ਇਹ ਸਮਝਣਾ ਪਏਗਾ, ਮੈਂ ਹੋਰ ਕਿਸੇ ਸਰੀਰ ਦਾ ਅੰਗ ਨਹੀਂ, ਮੈਂ ਇਸੇ ਹੀ ਸਰੀਰ ਦਾ ਅੰਗ ਹਾਂ। ਅੱਖਾਂ ਨੂੰ ਇਹ ਸਮਝਣਾ ਹੋਏਗਾ, ਮੈਂ ਹੋਰ ਕਿਸੇ ਸਰੀਰ ਦਾ ਅੰਗ ਨਹੀਂ, ਮੈਂ ਇਸੇ ਹੀ ਸਰੀਰ ਦਾ ਅੰਗ ਹਾਂ। ਫਿਰ ਤਾਂ ਅੱਖਾਂ ਉਸੇ ਸਰੀਰ ਨਾਲ ਜੁੜੀਆਂ



www.AKJ.Org

ਰਹਿਣਗੀਆਂ, ਅਨੁਭਵ ਦੁਆਰਾ ਉਸ ਨੂੰ ਦੇਖਦੀਆਂ ਰਹਿਣਗੀਆਂ। ਹੱਥ ਜੋ ਸਰੀਰ ਦਾ ਅੰਗ ਹਨ ਤਾਂ ਹੱਥ ਸਰੀਰ ਨੂੰ ਛੂੰਹਦੇ ਰਹਿਣਗੇ। ਇਹੋ ਗੱਲ ਹੈ ਮਨ ਦਾ ਦ੍ਰਵਣਾ। ਜਦੋਂ ਕੋਈ ਲੋਕ ਲਾਜ ਤਿਆਗ ਕੇ ਮਨ ਤੇ ਤਨ ਅਰਪਣ ਕਰਦਾ ਹੈ, ਗੁਰਬਾਣੀ ਦਾ ਆਧਾਰ ਬਣਾਉਂਦਾ ਹੈ ਤਾਂ ਮਨ ਦ੍ਰਵਦਾ ਹੈ। ਸੋ ਪਹਿਲਾਂ ਮਨੁੱਖ ਸਰੀਰ ਕਰਕੇ ਸੰਗਤ ਵਿੱਚ ਆਉਂਦਾ ਹੈ, ਫਿਰ ਗੁਰਬਾਣੀ ਦਾ ਸੰਗ ਕਰਦਾ ਹੈ। ਗੁਰਬਾਣੀ ਦਾ ਸੰਗ ਸਰੀਰ ਨੇ ਨਹੀਂ ਕਰਨਾ ਹੁੰਦਾ, ਗੁਰਬਾਣੀ ਦਾ ਸੰਗ ਮਨ ਹਾਜ਼ਰ ਹੋ ਕੇ ਕਰਦਾ ਹੈ। ਸਰੀਰ ਤਾਂ ਆ ਗਿਆ ਪਰ ਨਾਲ ਮਨ ਹਾਜ਼ਰ ਹੋਇਆ। ਮਨ ਹਾਜ਼ਰ ਹੋ ਗਿਆ, ਸੰਗ ਸ਼ੁਰੂ ਹੋ ਗਿਆ। ਜਿਸ ਨੂੰ ਦ੍ਰਵਣਾ ਹੈ ਉਹ ਹਾਜ਼ਰ ਨਹੀਂ ਹੋਇਆ ਤਾਂ ਦ੍ਰਵਿਆ ਕਿਸਨੂੰ ਜਾਏ ? ਸੋ ਤੀਸਰੀ ਗੱਲ ਹੈ ਗੁਰਮੁਖ ਦੀ ਸੰਗਤ। ਚੌਥੀ ਗੱਲ ਹੈ ਢੂੰਡਾਊ ਗੁਰਮੁਖਾਂ ਦੀ ਸੰਗਤ ਕਰਨਾ। ਇੱਕ ਗੁਰਮੁਖ ਉਹ ਹੈ ਜਿਸ ਨੇ ਪਾਇਆ ਹੋਇਐ ਪਰ ਕੁਝ ਗੁਰਮੁਖ ਐਸੇ ਹਨ ਜੋ ਇਸ ਪਾਸੇ ਤੁਰੇ ਹੋਏ ਹਨ। ਜੋ ਇਸ ਮਾਰਗ ਤੇ ਤੁਰੇ ਹੋਏ ਹਨ ਉਹ ਚਾਹੁੰਦੇ ਹਨ ਕਿ ਸਾਡਾ ਮਨ ਦ੍ਰਵਿਆ ਜਾਏ। ਉਹ ਪ੍ਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਤੁਰੇ ਹੋਏ ਹਨ। ਹੇ ਭਾਈ ! ਉਨ੍ਹਾਂ ਦੀ ਸੰਗਤ ਭੀ ਕਰ। ਉਨ੍ਹਾਂ ਦੇ ਨਾਲ ਤੁਰ ਪਉ। ਹੋ ਸਕਦਾ ਹੈ ਉਹ ਤੇਰੇ ਤੋਂ ਦੋ ਚਾਰ ਕਦਮ ਅੱਗੇ ਹੋਣ। ਪਰ ਗੁਰਮੁਖ ਦਾ ਇਹ ਲੱਛਣ ਹੈ ਜੋ ਕੋਈ ਪਿੱਛੇ ਆ ਰਿਹਾ ਹੈ ਉਸ ਨੂੰ ਨਾਲ ਰਲਾ ਲੈਂਦਾ ਹੈ। ਉਨ੍ਹਾਂ ਢੂੰਡਾਊਆਂ ਦੀ ਸੰਗਤ ਕਰ। ਇੱਕ ਬੂੰਦ ਸਮੁੰਦਰ ਵਿੱਚ ਨਹੀਂ ਜਾ ਸਕਦੀ। ਹੁਣ ਜੇ ਉਹ ਮੌਨਸੂਨ ਹਵਾਵਾਂ ਦਾ ਰੂਪ ਬਣੀ ਹੋਈ ਕਣੀਆਂ ਦਾ ਸੰਗ ਕਰ ਲਵੇ, ਮੀਂਹ ਦਾ ਰੂਪ ਬਣ ਜਾਵੇ, ਨਦੀਆਂ ਦਾ ਰੂਪ ਬਣ ਜਾਵੇ, ਦਰਿਆਵਾਂ ਦਾ ਰੂਪ ਬਣ ਜਾਵੇ ਤਾਂ ਸਮੁੰਦਰ ਤੱਕ ਪਹੁੰਚ ਸਕਦੀ ਹੈ। ਇਕੱਲੀ ਕਣੀ ਤਾਂ ਰੇਤ ਵਿੱਚ ਭਟਕ ਜਾਏਗੀ। ਜੇ ਇਕੱਲੀ ਕਣੀ ਸਮੁੰਦਰ ਵਿੱਚ ਨਹੀਂ ਜਾ ਸਕਦੀ ਤਾਂ ਇਕੱਲਾ ਇਕੱਲਾ ਕੋਈ ਮਨ ਨੂੰ ਨਹੀਂ ਦ੍ਰਵ ਸਕਦਾ। ਜੋਗੀਆਂ ਨੇ ਮਨ ਹਠ ਕੀਤੇ। ਮਨ ਹਠ ਕਰਨ ਵਾਲਿਆਂ ਨੇ ਮਨ ਨੂੰ ਦ੍ਰਵਣ ਦਾ ਬੜਾ ਯਤਨ ਕੀਤਾ। ਪੁੱਠੇ ਲਟਕਣ ਲੱਗ ਪਏ, ਸਰੀਰ ਨੂੰ ਕਸ਼ਟ ਦੇਣ ਲੱਗ ਪਏ। ਇਕੱਲੇ ਇਕੱਲੇ ਆਪਣੇ ਆਸਣ ਲਗਾ ਕੇ ਬੈਠ ਗਏ। ਸਾਧਨ ਤਾਂ ਅਨੇਕ ਵਰਤੇ ਪਰ ਉਨ੍ਹਾਂ ਦਾ ਮਨ ਤਾਂ ਹੋਰ ਜ਼ਿਆਦਾ ਹੰਕਾਰੀ ਹੋ ਗਿਆ। ਮੈਂ ਤੀਰਥ ਉੱਤੇ ਭੀ ਨਹਾਅ ਆਇਆ ਪਰ ਮੇਰੀ ਆਕੜ ਤਾਂ ਹੋਰ ਜ਼ਿਆਦਾ ਵੱਧ ਗਈ। ਚਾਹੀਦਾ ਤਾਂ ਇਹ ਸੀ ਕਿ ਮੇਰੇ ਵਿੱਚ ਨਿਮਰਤਾ ਆਉਂਦੀ। ਮੈਂ ਤਾਂ ਇਸ ਕਰਕੇ ਭੀ ਤੀਰਥ ਤੇ ਨਹਾਅ ਆਇਆ ਕਿ ਲੋਕੀਂ ਕਹਿਣਗੇ ਇਹ ਤੀਰਥ ਤੇ ਨਹਾਅ ਕੇ ਆਇਆ ਹੈ। ਲੋਕੀਂ ਮੈਨੂੰ ਮਿਲਣ ਆਉਣਗੇ, ਲੋਕੀਂ ਮੈਨੂੰ ਨਮਸ਼ਕਾਰਾਂ ਕਰਨਗੇ। ਸਤਿਗੁਰੂ ਕਹਿੰਦੇ ਹਨ, ਮੈਂ ਤੀਰਥ ਤੇ ਜਾ ਕੇ ਤਾਂ ਨਹਾਵਾਂ ਜੇ ਪਰਮੇਸ਼ਰ ਨੂੰ ਭਾ ਜਾਵਾਂ। ਜੇ ਮੇਰੇ ਸਾਹਿਬ ਨੂੰ ਹੀ ਨਾ ਭਾਇਆ ਤਾਂ ਮੇਰਾ ਨਹਾਉਣਾ ਕੀ ਹੋਇਆ ?

"ਤੀਰਥਿ ਨਾਵਾ ਜੇ ਤਿਸੁ ਭਾਵਾ।" (ਪੰਨਾ ੨)

ਜੋ ਸਿਰਫ ਆਪਣੇ ਸਰੀਰ ਨੂੰ ਕਸ਼ਟ ਦੇਣ ਲਈ ਤੁਰ ਪਿਆ, ਸਾਧਨ ਵਰਤੇ ਤੇ ਸੋਚੇ ਮੈਂ ਇਸ ਤਰ੍ਹਾਂ ਦੇ ਕਰਮ ਕਰਾਂ, ਮੈਂ ਮੇਹਨਤ ਕਰਾਂ, ਮੇਰੀ ਮੇਹਨਤ ਦੇ ਨਾਲ ਦ੍ਰਵਿਆ ਜਾਏ। ਮੇਰੀ ਮੇਹਨਤ ਤੇ ਘਾਲਣਾ ਨਾਲ ਪਰਮਾਤਮਾ ਮਿਲ ਜਾਏ। ਮੇਹਨਤ ਨਾਲ, ਘਾਲਣਾ ਨਾਲ ਅਰਦਾਸ ਭੀ ਨਹੀਂ ਮਿਲਦੀ। ਮੇਹਨਤ ਨਾਲ, ਘਾਲਣਾ ਨਾਲ ਸ਼ਰਧਾ ਭੀ ਨਹੀਂ ਮਿਲਦੀ। ਮੇਹਨਤ ਨਾਲ, ਘਾਲਣਾ ਨਾਲ ਪ੍ਰੇਮ ਵੀ ਨਹੀਂ ਮਿਲਦਾ। ਮੇਹਨਤ ਨਾਲ, ਘਾਲਣਾ ਨਾਲ ਪਰਮਾਤਮਾ ਦੀ ਨਜ਼ਦੀਕੀ ਭੀ ਨਹੀਂ ਮਿਲਦੀ, ਪਰਮਾਤਮਾ ਨੇ ਕੀ ਮਿਲਣਾ ਹੈ ? ਕਈ ਪੁਛਣਗੇ ਕਿਉਂ ? ਮਨੁੱਖ ਮਕਾਨ ਬਣਾਉਂਦਾ ਹੈ, ਕਹਿੰਦਾ ਹੈ, *"ਦੇਖੋ ਮੈਂ ਮੇਹਨਤ ਕੀਤੀ ਹੈ ਤੇ ਮਕਾਨ ਬਣ ਗਿਆ।"* ਫਿਰ ਤਾਂ ਮਕਾਨ ਨਾਲੋਂ ਬੰਦੇ ਦੀ ਮੇਹਨਤ ਵੱਡੀ ਹੋ ਗਈ। ਅੱਜ ਬੰਦਾ ਕਹਿੰਦਾ ਹੈ, ਮੈਂ ਬੜੀ ਮੇਹਨਤ ਮਜ਼ਦੂਰੀ ਕਰਕੇ ਇਤਨਾ ਧਨ ਕਮਾਇਆ ਹੈ। ਫਿਰ ਧਨ ਛੋਟਾ ਹੋ ਗਿਆ, ਮੇਹਨਤ ਵੱਡੀ ਹੋ ਗਈ। ਮੈਂ ਇਹ ਕੰਮ ਕੀਤਾ, ਮੈਂ ਇਤਨੀਆਂ ਘਾਲਣਾ ਘਾਲੀਆਂ, ਹਰ ਕੰਮ ਵਿੱਚ ਇਸ ਨੇ ਆਪਣੀ ਮਿਹਨਤ ਗਿਣੀ। ਹੁਣ ਜੇ ਬੰਦਾ ਇਹ ਕਹੇ ਕਿ ਮੈਂ ਮੇਹਨਤ ਨਾਲ ਰੱਬ ਲੱਭ ਲਵਾਗਾਂ, ਫਿਰ ਮੇਹਨਤ ਵੱਡੀ ਹੋ ਜਾਏਗੀ, ਰੱਬ ਛੋਟਾ ਹੋ ਜਾਏਗਾ। ਹੁਣ ਇੱਕ ਗੱਲ ਸਮਝਣ ਵਾਲੀ ਹੈ। ਬੰਦਾ ਕਹਿੰਦਾ ਹੈ ਕਿ ਮੈਂ ਮੇਹਨਤ ਦੇ ਨਾਲ ਕਮਾਈ ਕੀਤੀ। ਜ਼ਰਾ ਵੀਚਾਰੀਏ ਇਹ ਮੇਹਨਤ ਕੀ ਹੈ ? ਬੰਦਾ ਭੁਲੇਖੇ ਵਿੱਚ ਕਿਉਂ ਹੈ ? ਸਭ ਕੁੱਝ ਪਰਮਾਤਮਾ ਕਰਦਾ ਹੈ। ਜਦੋਂ ਕੋਈ ਪਰਮਾਤਮਾ ਤੋਂ ਪਿੱਠ ਕਰਕੇ ਕਰਮ ਕਰਨ ਲੱਗ ਪੈਂਦਾ ਹੈ ਤਾਂ ਕਹਿੰਦਾ ਹੈ ਮੈਂ ਮੇਹਨਤ ਕੀਤੀ। ਜੇਕਰ ਮਨੁੱਖ ਪਰਮਾਤਮਾ ਵੱਲ ਮੁੱਖ ਕਰਕੇ ਕਰਮ ਕਰਦਾ, ਕਦੇ ਨਾ ਕਹਿੰਦਾ ਕਿ ਮੈਂ ਕੀਤਾ ਹੈ, ਸਗੋਂ ਇਹ ਕਹਿੰਦਾ ਕਿ ਜੋ ਕੀਤਾ ਪਰਮਾਤਮਾ ਨੇ ਕੀਤਾ ਹੈ।

(ਚਲਦਾ) *****



www.AKJ.Org

# ਸਿੱਖੀ ਭੇਸ ਵਿਚ ਲੁਟੇਰੇ

(ਬਲਜੀਤ ਸਿੰਘ ਖਾਲਸਾ)

ਆਧੁਨਿਕਤਾ ਦੇ ਨਾਲ ਨਾਲ ਮਨੁੱਖ ਦੀਆ ਲੋੜਾਂ ਬੇਸ਼ੱਕ ਵੱਧ ਗਈਆ ਹਨ, ਪਰ ਆਦਿ ਕਾਲ ਤੋਂ ਜਦ ਤੋਂ ਮਨੁੱਖ ਨੇ ਹੋਸ਼ ਸੰਭਾਲੀ ਹੈ, ਉਦੋਂ ਤੋਂ ਅੱਜ ਤੱਕ ਉਸ ਦੀਆਂ ਤਿੰਨ ਵਿਸ਼ੇਸ਼ ਲੋੜਾਂ ਮੰਨੀਆ ਚਲੀਆਂ ਆ ਰਹੀਆਂ ਹਨ - ਰੋਟੀ, ਕੱਪੜਾ, ਅਤੇ ਮਕਾਨ। ਇਹਨਾਂ ਲੋੜਾਂ ਦੀ ਪੂਰਤੀ ਲਈ ਮਨੁੱਖ ਅੰਰੰਭ ਤੋਂ ਹੀ ਯਤਨਸ਼ੀਲ ਰਿਹਾ ਹੈ। ਇਹ ਗੱਲ ਵੱਖਰੀ ਹੈ ਕਿ ਇਸ ਲਈ ਆਪੋ ਆਪਣੀ ਬਿਰਤੀ ਅਨੁਸਾਰ ਵੱਖ ਵੱਖ ਮਨੁੱਖਾਂ ਨੇ ਵੱਖ ਵੱਖ ਰਸਤੇ ਅਪਣਾਏ। ਕੁੱਝ ਲੋਕਾਂ ਨੇ ਇਹਨਾਂ ਲੋੜਾਂ ਦੀ ਪੂਰਤੀ ਲਈ ਕਿਰਤ ਕਾਰ (ਮਿਹਨਤ) ਦਾ ਰਸਤਾ ਅਪਣਾਇਆ, ਜਦ ਕਿ ਕੁੱਝ ਨੇ ਵਿਹਲੇ ਰਹਿ ਕੇ ਦੂਜਿਆਂ ਦੀ ਕਿਰਤ ਕਮਾਈ ਤੇ ਇਹ ਲੋੜਾਂ ਪੂਰੀਆਂ ਕਰਨ ਦੀ ਨੀਤੀ ਅਪਣਾਈ। ਮਨੁੱਖ ਦੇ ਇਤਿਹਾਸ ਨੂੰ ਵਾਚਿਆਂ ਪਤਾ ਲੱਗਦਾ ਹੈ ਕਿ ਸਮਾਜ ਵਿੱਚ ਸਦਾ ਹੀ ਇਹਨਾਂ ਦੋਨਾਂ ਹੀ ਬਿਰਤੀਆ ਦੇ ਲੋਕ ਪਾਏ ਜਾਂਦੇ ਹਨ ਇਹ ਵੀ ਇੱਕ ਸੱਚਾਈ ਹੈ ਕਿ ਕਿਰਤੀ ਲੋਕ ਜੇ ਸਮਾਜ ਦਾ ਥੰਮ ਹਨ ਤਾਂ ਵਿਹਲੜ ਸਮਾਜ ਉੱਤੇ ਇੱਕ ਬੋਝ।

ਵਿਹਲੇ ਰਹਿ ਕੇ ਦੂਜਿਆਂ ਦੀ ਕਮਾਈ ਹੜੱਪਣ ਦੇ ਦੋ ਪ੍ਰਮੁੱਖ ਸਾਧਨ ਹਨ, ਪਹਿਲਾ ਸਾਧਨ ਹੈ ਚੋਰੀ, ਡਾਕਾ ਅਤੇ ਤਾਕਤ ਦੇ ਜ਼ੋਰ ਨਾਲ ਕਿਸੇ ਦੀ ਮਿਹਨਤ ਦੀ ਕਮਾਈ ਖੋਹ ਲੈਣੀ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਇਸ ਢੰਗ ਨੂੰ ਉਤਨਾ ਚੋਰਾਂ ਜਾਂ ਡਾਕੂਆਂ ਨੇ ਨਹੀਂ ਵਰਤਿਆ ਹੋਣਾ, ਜਿੰਨਾਂ ਕਿ ਸਮੇਂ ਦੀਆਂ ਹਕੂਮਤਾਂ ਨੇ। ਆਮ ਜਨਤਾ ਪਹਿਲਾਂ ਤਾਂ ਆਪਣੇ ਦੇਸ਼ ਦੇ ਹਾਕਮਾਂ ਦੀ ਲੁੱਟ ਦਾ ਸ਼ਿਕਾਰ ਹੁੰਦੀ ਰਹਿੰਦੀ ਸੀ, ਪਰ ਜਦੋਂ ਕੋਈ ਵਿਦੇਸ਼ੀ ਹਮਲਾਵਰ, ਉਸ ਦੇਸ਼ ਤੇ ਹਮਲੇ ਉਪਰੰਤ ਜਿੱਤ ਜਾਂਦਾ ਸੀ, ਤਾਂ ਉਹ ਹਾਰੇ ਹੋਏ ਦੇਸ਼ ਦੀ ਆਮ ਜਨਤਾ ਨੂੰ ਲੁੱਟਣਾ ਤੇ ਜ਼ਲੀਲ ਕਰਨਾ ਆਪਣਾ ਹੱਕ ਸਮਝਦਾ ਸੀ। ਦੁਨੀਆਂ ਦਾ ਸ਼ਾਇਦ ਹੀ ਕੋਈ ਹਿੱਸਾ ਹੋਵੇ ਜਿੱਥੋਂ ਦੇ ਵਸਨੀਕਾਂ ਨੇ ਇਸ ਤਰ੍ਹਾਂ ਦਾ ਸੰਤਾਪ ਨਾ ਹੰਢਾਇਆ ਹੋਵੇ। ਪੰਜਾਬ ਉੱਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਸਮੇਂ ਤਾਂ ਇੱਕ ਕਹਾਵਤ ਆਮ ਪ੍ਰਚਲਤ ਹੋ ਗਈ ਸੀ ਕਿ :-

*ਖਾਧਾ ਪੀਤਾ ਲਾਹੇ ਦਾ। ਬਾਕੀ ਅਹਿਮਦ ਸ਼ਾਹੇ ਦਾ।*

ਪਰਾਇਆ ਹੱਕ ਹੜੱਪਣ ਲਈ ਵਿਹਲੜਾਂ ਦਾ ਦੂਜਾ ਢੰਗ, ਏਨਾ ਔਖਾ ਅਤੇ ਬਦਨਾਮ ਨਹੀਂ, ਬਲਕਿ ਬੜਾ ਸਨਮਾਨਯੋਗ ਹੈ। ਸਮਾਜ ਅਤੇ ਰੱਬ ਵਿਚਾਲੇ ਵਿਚੋਲੇ (ਧਾਰਮਿਕ ਆਗੂ) ਬਣ ਬੈਠੇ। ਡਾਕਾ ਚੋਰੀ ਜਾਂ ਸੀਨਾ ਜ਼ੋਰੀ ਰਾਹੀਂ ਤਾਂ ਫਿਰ ਵੀ ਕੁਝ ਨਾ ਕੁਝ ਮਿਹਨਤ ਕਰਨੀ ਪੈਂਦੀ ਹੈ, ਪਰ ਇਸ ਸਾਧਨ ਨੂੰ ਅਪਣਾਅ ਕੇ ਏਨੀ ਕੁ ਖੇਚਲ ਕਰਨ ਦੀ ਵੀ ਕੋਈ ਲੋੜ ਨਹੀਂ। ਅਨਪੜ੍ਹ ਅਤੇ ਅੰਧ ਵਿਸ਼ਵਾਸ਼ੀ ਲੋਕਾਂ ਦੀ ਬਹੁ ਗਿਣਤੀ, ਚਿੱਟੇ ਚੋਲਿਆਂ ਹੇਠ ਲੁਕੇ ਮਹਾਂ-ਲੁਟੇਰਿਆਂ ਨੂੰ ਪਛਾਣ ਨਹੀ ਸਕਦੀ, ਸਗੋਂ ਆਪਦੀ ਸ਼ਰਧਾ ਨਾਲ ਖੁਦ ਹੀ ਆਪਣੀ ਖੂਨ ਪਸੀਨੇ ਦੀ ਕਮਾਈ ਇਨ੍ਹਾਂ ਦੇ ਚਰਨਾਂ ਵਿੱਚ ਲਿਆ ਧਰਦੀ ਹੈ ਅਤੇ ਅਸ਼ੀਰਵਾਦ ਪ੍ਰਾਪਤ ਕਰਕੇ ਖੁਦ ਨੂੰ ਵਡਭਾਗੀ ਸਮਝਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਇਨ੍ਹਾਂ ਦੋਨਾਂ ਹੀ ਤਰ੍ਹਾਂ ਦੇ ਲੁਟੇਰਿਆਂ ਵਲੋਂ ਆਮ ਜਨਤਾ ਨੂੰ ਦੋਹੀਂ ਹੱਥੀਂ ਲੁੱਟਿਆ ਜਾ ਰਿਹਾ ਸੀ। ਲੁੱਟ ਦਾ ਪਹਿਲਾ ਸਾਧਨ ਸਮੇਂ ਦੇ ਹਾਕਮਾਂ ਵੱਲੋਂ ਵਰਤਿਆ ਜਾ ਰਿਹਾ ਸੀ ਤੇ ਦੂਜਾ ਸਮੇਂ ਦੇ ਧਾਰਮਿਕ ਆਗੂਆਂ ਵਲੋਂ। ਇਸ ਲੁੱਟ ਨੂੰ ਠੱਲ੍ਹ ਪਾਉਣ ਲਈ ਗੁਰੂ ਜੀ ਨੇ ਸੰਘਰਸ਼ ਆਰੰਭਿਆ। ਸਮੇਂ ਦੇ ਧਾਰਮਿਕ ਆਗੂਆਂ ਦੇ ਪਾਜ ਉਘੇੜਨ ਤੋਂ ਇਲਾਵਾ ਆਪ ਜੀ ਨੇ ਸਮੇਂ ਦੇ ਹਾਕਮਾਂ ਦੀ ਲੁੱਟ ਦਾ ਵੀ ਜ਼ੋਰਦਾਰ ਵਿਰੋਧ ਕੀਤਾ। ਪਰਾਇਆ ਹੱਕ ਖਾ ਕੇ ਪਲਣ ਵਾਲਿਆਂ ਨੂੰ ਝੰਜੋੜਿਆ :-

ਹਕੁ ਪਰਾਇਆ ਨਾਨਕਾ ਉਸੁ
ਸੂਅਰ ਉਸੁ ਗਾਇ।। (ਪੰਨਾ ੧੪੧)

ਆਪ ਜੀ ਨੇ ਜਿੱਥੇ ਜ਼ੋਰ ਜਬਰ ਨਾਲ ਜਨਤਾ ਨੂੰ ਲੁੱਟਦੇ ਹਾਕਮਾਂ ਨੂੰ :-

ਰਾਜੇ ਸੀਹ ਮੁਕਦਮ ਕੁਤੇ।।
ਜਾਇ ਜਗਾਇਨ ਬੈਠੇ ਸੁਤੇ।।
ਚਾਕਰ ਨਹਦਾ ਪਾਇਨ ਘਾਉ।।
ਰਤੁ ਪਿਤੁ ਕੁਤਿਹੋ ਚਟਿ ਜਾਹੁ।।
(ਪੰਨਾ ੧੨੮੮)

ਅਤੇ ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ,
ਏਵੈ ਜਾਪੈ ਭਾਉ।। (ਪੰਨਾ ੧੪੨)

ਦੇ ਸ਼ਬਦਾਂ ਨਾਲ ਫਿਟਕਾਰਿਆ ਉਥੇ ਚਿੱਟੇ ਚੋਲਿਆਂ ਹੇਠ ਲੁੱਟ ਕੇ ਜਨਤਾ ਨੂੰ ਲੁੱਟ ਰਹੇ ਅਖੌਤੀ ਧਾਰਮਿਕ ਆਗੂਆਂ ਅਤੇ ਉਨ੍ਹਾਂ ਦੇ ਚੇਲਿਆਂ ਦੀਆਂ ਵਿਹਲੜ ਫੌਜਾਂ (ਜੋ ਸਮਾਜ ਤੇ ਬੋਝ ਸਨ) ਦਾ ਭਾਂਡਾ ਵੀ ਭੰਨਿਆ। ਆਪ ਨੇ ਫੁਰਮਾਇਆ ਕਿ ਜੋ ਵੀ ਵਿਅਕਤੀ, ਜੀਵਨ ਨਿਰਬਾਹ ਲਈ ਕਿਰਤ ਕਰਨ ਤੋਂ ਬਚਣਾ ਚਾਹੁੰਦਾ ਹੈ, ਉਹ ਜਾਂ ਤਾਂ ਖੁਦ ਅਖੌਤੀ ਸੰਤ ਬਣ ਬਹਿੰਦਾ



www.AKJ.Org

ਹੈ, ਜਾਂ ਕੰਨ ਪੜਵਾ ਕੇ ਕਿਸੇ ਜੋਗੀ ਆਦਿਕ ਦਾ ਚੇਲਾ ਬਣ ਜਾਂਦਾ ਹੈ। ਆਪ ਨੇ ਅਜਿਹੇ ਭਿਖਾਰੀਆਂ ਬਨਾਮ ਲੁਟੇਰਿਆਂ ਦੇ ਪੈਰੀਂ ਪੈਣ ਤੋਂ ਲੋਕਾਂ ਨੂੰ ਵਰਜਿਆ ਅਤੇ ਸੱਚੇ ਧਰਮੀ ਮਨੁੱਖ ਦੀ ਨਿਸ਼ਾਨੀ ਦੱਸਦਿਆਂ ਫੁਰਮਾਇਆ ਕਿ ਧਰਮੀ ਮਨੁੱਖ ਉਹ ਹੀ ਹੈ, ਜੋ ਖੁਦ ਕਿਰਤ ਕਰਦਾ ਹੈ ਅਤੇ ਵਿਤ ਅਨੁਸਾਰ ਮਜ਼ਬੂਰ ਲੋੜਵੰਦਾਂ ਦੀ ਸਹਾਇਤਾ ਵੀ ਕਰਦਾ ਹੈ :-

ਮਖਟੂ ਹੋਇ ਕੈ ਕੰਨ ਪੜਾਏ।।
ਫਕਰੁ ਕਰੇ ਹੋਰੁ ਜਾਤਿ ਗਵਾਏ।।
ਗੁਰੁ ਪੀਰੁ ਸਦਾਏ, ਮੰਗਣ ਜਾਇ।।
ਤਾ ਕੈ ਮੂਲਿ ਨ ਲਗੀਐ ਪਾਇ।।
ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।।

(ਪੰਨਾ ੧੨੪੫)

ਗੁਰੂ ਸਾਹਿਬ ਨੇ 230 ਸਾਲਾਂ ਦੀ ਘਾਲਣਾ ਉਪਰੰਤ ਇਸ ਨਿਆਰੇ ਖਾਲਸਾ ਪੰਥ ਦੀ ਸਥਾਪਨਾ ਕੀਤੀ, ਜਿਸਦੇ ਹਰ ਮੈਂਬਰ ਲਈ ਭਗਤੀ ਤੇ ਸ਼ਕਤੀ ਦੇ ਖੇਤਰਾਂ ਵਿੱਚ ਨਿਪੁੰਨ ਹੁੰਦੇ ਹੋਏ ਵੀ, ਇਹਨਾਂ ਦਾ ਦੁਰਉਪਯੋਗ ਕਰਕੇ ਖੁਦ ਵਿਹਲੇ ਰਹਿ ਕੇ ਦੂਜਿਆਂ ਦੀ ਕਮਾਈ ਹੜੱਪਣ ਦੀ ਸਖਤ ਮਨਾਹੀ ਕੀਤੀ ਅਤੇ ਖਾਲਸਾ ਪੰਥ ਦੇ ਹਰ ਮੈਂਬਰ ਲਈ ਕਿਰਤ ਕਰਨੀ ਜ਼ਰੂਰੀ ਕਰਾਰ ਦਿੱਤੀ ਗਈ :-

ਖੇਤੀ, ਵਣਿਜ ਵਾ ਸਿਲਪ ਬਨਾਵੈ।।
ਔਰ ਟਹਿਲ ਜੋ ਮਨ ਮੈ ਭਾਵੈ।।
ਦ੍ਰਿੜ ਹੋਇ ਸੋਈ ਕਾਰ ਕਮਾਵੈ।।
ਚੋਰੀ ਡਾਕੇ ਕਬਹੂ ਨ ਜਾਵੈ।।

(ਰਹਿਤਨਾਮਾ ਭਾਈ ਦੇਸਾ ਸਿੰਘ)

ਅਤੇ ਸੁਨ ਗੁਰ ਕਹਯੋ ਕਿਰਤ ਕਰ ਸੋਈ।
ਧਰਮ ਸਮੇਤ ਨਿਬਾਹਹੁ ਸੋਈ।
ਕਪਟ ਬਿਹੀਨ ਜੀਵਕਾ ਕਰੇ।
ਪਰ ਕੀ ਵਸਤੁ ਛੁਪਾਇ ਨ ਧਰੈ।
ਤਿਸ ਮਹਿ ਬਾਂਟ ਪ੍ਰਭੂ ਹਿਤ ਖਾਵੈ।
ਤਿਸ ਕੋ ਉਰ ਨਿਰਮਲੁ ਹੋਇ ਜਾਵੈ।।

(ਗੁਰ ਪ੍ਰਤਾਪ ਸੂਰਜ ਗ੍ਰੰਥ)

ਜਿੱਥੇ ਪੰਥ ਖਾਲਸੇ ਲਈ ਪਰਾਇਆ ਹੱਕ ਖੋਹਣ ਤੇ ਕਰੜੀ ਬੰਦਿਸ਼ ਸੀ ਉਥੇ ਆਪਣੇ ਹੱਕ ਨੂੰ ਖੋਹੇ ਜਾਣ ਤੋਂ ਬਚਾਉਣ ਹਿੱਤ ਹੀ ਹਰ ਸਿੱਖ ਵਿੱਚ ਸੰਤ ਸਿਪਾਹੀ ਵਾਲੇ ਗੁਣ ਭਰੇ ਗਏ ਸਨ। ਸੰਤ ਵਾਲੇ ਗੁਣ ਦਾ ਧਾਰਨੀ ਸਿੱਖ, ਕਿਸੇ ਚਿੱਟੇ ਚੋਲੇ ਹੇਠ ਲੁਕੇ ਲੁਟੇਰੇ (ਅਖੌਤੀ ਸੰਤ) ਦੀ ਲੁੱਟ ਦਾ ਸ਼ਿਕਾਰ ਨਹੀਂ ਸੀ ਹੋ ਸਕਦਾ ਤੇ ਸਿਪਾਹੀ ਵਾਲੇ ਗੁਣਾਂ ਦੇ ਧਾਰਨੀ ਸਿੱਖ ਨੂੰ ਕੋਈ ਹਥਿਆਰਬੰਦ ਲੁਟੇਰਾ ਲੁੱਟਣ ਦੀ ਜੁਅਰਤ ਨਹੀਂ ਸੀ ਕਰ ਸਕਦਾ। ਇਤਿਹਾਸ ਨੂੰ ਪੜ੍ਹਿਆਂ ਪਤਾ ਲੱਗਦਾ ਹੈ ਕਿ ਸਿੱਖਾਂ ਨੇ ਆਪਣੇ ਇਨ੍ਹਾਂ ਗੁਣਾਂ ਸਦਕਾ ਸਿਰਫ ਆਪਣੀ ਹੀ ਨਹੀਂ, ਬਲਕਿ ਗੈਰ ਸਿੱਖ ਮਜ਼ਲੂਮਾਂ ਦੀ ਵੀ ਬੰਦ ਖਲਾਸੀ ਕਰਾਈ। ਚਿੱਟੇ ਚੋਲਿਆਂ ਹੇਠ ਲੁਕੇ ਲੁਟੇਰਿਆਂ ਤੋਂ ਇਲਾਵਾ, ਨਾਦਰ ਅਤੇ ਅਬਦਾਲੀ ਵਰਗੇ ਹਥਿਆਰਬੰਦ ਲੁਟੇਰਿਆਂ ਦਾ ਵੀ ਇਹ ਭਰਮ ਪੰਥ-ਖਾਲਸੇ ਨੇ ਹੀ ਤੋੜਿਆ, ਕਿ ਹਿੰਦ ਵਿੱਚ ਸਾਡਾ ਮੁਕਾਬਲਾ ਕਰਨ ਅਤੇ ਲੁੱਟ ਖਸੁੱਟ ਨੂੰ ਰੋਕਣ ਵਾਲੀ ਕੋਈ ਤਾਕਤ ਹੀ ਨਹੀਂ। ਸਦੀਆਂ ਤੋਂ ਕਈ ਤਰ੍ਹਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੀ ਜਨਤਾ ਲਈ ਗੁਰੂ ਨਾਨਕ ਦਾ ਸਾਜਿਆ ਪੰਥ ਖਾਲਸਾ ਹੀ ਆਸ ਦੀ ਕਿਰਨ ਬਣ ਕੇ ਚਮਕਿਆ। ਇਸੇ ਲਈ ਹਿੰਦ ਦੀਆਂ ਔਰਤਾਂ ਹਰ ਔਕੜ ਵੇਲੇ ਆਪ ਮੁਹਾਰੇ ਹੀ ਮੱਦਦ ਲਈ ਖਾਲਸੇ ਨੂੰ ਪੁਕਾਰਦੀਆਂ ਸਨ। ਸੱਚਮੁੱਚ ਹੀ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਸਫਲ ਹੋਇਆ ਅਤੇ ਪੰਥ ਖਾਲਸੇ ਨੇ ਹਰ ਤਰ੍ਹਾਂ ਦੇ ਜ਼ੁਲਮ ਜਬਰ ਅਤੇ ਲੁੱਟ ਖਸੁੱਟ ਨੂੰ ਠੱਲ੍ਹ ਪਾ ਦਿੱਤੀ।

ਤੀਰਾਂ ਤਲਵਾਰਾਂ ਦੀ ਖੇਡ ਤੋਂ ਬਾਅਦ, ਫਤਹਿ ਉਪਰੰਤ ਪੰਥ ਲਈ ਅਮਨਮਈ ਸਮਾਂ ਆਇਆ ਤਾਂ ਕਿਰਪਾਨਾਂ ਨੂੰ ਮਿਆਨਾਂ ਵਿੱਚ ਸਾਂਭ, ਬਹੁ-ਗਿਣਤੀ ਸਿੱਖਾਂ ਨੇ ਜਦੋਂ ਕਿਰਤ ਵੱਲ ਪੂਰੀ ਮੁਹਾਰ ਮੋੜੀ ਤਾਂ ਦੁਨੀਆਂ ਮੂੰਹ ਵਿੱਚ ਉਂਗਲਾਂ ਪਾਈ ਖਾਲਸੇ ਵੱਲ ਨੀਝ ਲਗਾ ਕੇ ਵੇਖਣ ਲੱਗੀ। ਸ਼ਾਇਦ ਲੋਕ ਸੋਚਦੇ ਸਨ ਕਿ ਤਲਵਾਰ ਚਲਾਉਣ ਵਾਲੇ ਹੱਥ ਕਦੇ ਹਲ ਅਤੇ ਹਥੌੜਾ ਆਦਿਕ ਨਹੀਂ ਚਲਾ ਸਕਦੇ ਪਰ ਖਾਲਸੇ ਨੇ ਇਸ ਧਾਰਨਾ ਨੂੰ ਗਲਤ ਸਾਬਤ ਕਰ ਵਿਖਾਇਆ। ਪਰ ਅਫਸੋਸ ਕਿ ਕਿਰਤ ਵੱਲ ਤਰੱਕੀ ਦੀਆਂ ਪੁਲਾਘਾਂ ਪੁੱਟਦੇ ਗੁਰੂ ਕੇ ਸਿੱਖ, ਗੁਰੂ ਦੇ ਇਸ ਹੁਕਮ ਨੂੰ ਹੌਲੀ ਹੌਲੀ ਭੁੱਲਣ ਲੱਗੇ ਕਿ ਕਿਰਤ ਕਾਰ ਕਰਦੇ ਹੋਏ ਵੀ ਸੰਤ ਸਿਪਾਹੀ ਵਾਲੇ ਗੁਣਾਂ ਦਾ ਤਿਆਗ ਨਹੀਂ ਕਰਨਾ। ਜਿਉਂ ਜਿਉਂ ਸਿੱਖਾਂ ਵਿੱਚੋਂ ਸੰਤ ਸਿਪਾਹੀ ਵਾਲੇ ਗੁਣ ਅਲੋਪ ਹੁੰਦੇ ਗਏ, ਤਿਉਂ ਤਿਉਂ ਸਿੱਖਾਂ ਦੀ ਕਿਰਤ ਕਮਾਈ ਨੂੰ ਲੁੱਟਣ ਵਾਲੇ ਲੁਟੇਰੇ ਵੀ ਤੇਜ਼ੀ ਨਾਲ ਪ੍ਰਗਟ ਹੋਣ ਲੱਗੇ। ਅੱਜ ਹਾਲਤ ਇਹ ਹੈ ਕਿ ਕਿਰਤੀਆਂ ਦੀ ਸਿੱਖਾਂ ਵਿੱਚ ਕੋਈ ਘਾਟ ਨਹੀਂ, ਪਰ ਸੰਤ ਸਿਪਾਹੀ ਵਿਰਲੇ ਹੀ ਹਨ। ਇਹੀ ਕਾਰਨ ਹੈ ਕਿ ਅੱਜ ਸਿੱਖਾਂ ਦੇ ਭੇਸ ਵਿੱਚ ਲੁਕੇ ਹੋਏ ਬੇਅੰਤ ਲੁਟੇਰੇ, ਖੁਦ ਨੂੰ ਸੰਤ ਅਤੇ ਬ੍ਰਹਮ ਗਿਆਨੀ ਅਖਵਾਉਂਦੇ ਹੋਏ, ਕਿਰਤੀ ਸਿੱਖਾਂ ਨੂੰ ਦੋਹੀਂ ਹੱਥੀਂ ਲੁੱਟ ਰਹੇ ਹਨ।

*****



www.AKJ.Org

# ਜੈਤਸਰੀ ਕੀ ਵਾਰ (੨)

(ਭਾਈ ਜੋਗਿੰਦਰ ਸਿੰਘ ਤਲਵਾੜਾ)

ਸਲੋਕ

ਮਨ ਇਛਾ ਦਾਨ ਕਰਣੰ
ਸਰਬਤ੍ਰ ਆਸਾ ਪੂਰਨਹ॥
ਖੰਡਣੰ ਕਲਿ ਕਲੇਸਹ
ਪ੍ਰਭ ਸਿਮਰਿ ਨਾਨਕ ਨਹ ਦੂਰਣਹ॥੧॥
ਹਭਿ ਰੰਗ ਮਾਣਹਿ ਜਿਸੁ ਸੰਗਿ
ਤੈ ਸਿਉ ਲਾਈਐ ਨੇਹੁ॥
ਸੋ ਸਹੁ ਬਿੰਦ ਨ ਵਿਸਰਉ
ਨਾਨਕ, ਜਿਨਿ ਸੁੰਦਰੁ ਰਚਿਆ ਦੇਹੁ॥੨॥

ਉਚਾਰਣ : ਪੂਰਨਹ, ਦੂਰਣਹ, ਕਲੇਸਹ, ਨਹ-ਇਨ੍ਹਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਵਿਸਰਉ-'ਉ' ਉਚਾਰਣ ਨਾਸਕਤਾ ਬਿਨਾ।

ਨੇਹੁ, ਸਹੁ, ਦੇਹੁ-ਇਨ੍ਹਾਂ ਸਾਰੇ ਪੁਲਿੰਗ ਨਾਵਾਂ ਦੇ ਅੰਤਲੇ 'ਹ' ਅੱਖਰ ਨੂੰ ਲੱਗਿਆ ਔਂਕੜ ਜਿੱਥੇ ਇਨ੍ਹਾਂ ਦੇ ਇਕ-ਵਚਨ, ਪੁਲਿੰਗ ਨਾਂਵ ਹੋਣ ਦਾ ਸੂਚਕ ਹੈ, ਉੱਥੇ ਉਹਦੀ ਆਪਣੀ ਨਿਸ਼ਚਿਤ ਧੁਨੀ ਵੀ ਹੈ, ਜੋ ਉਚਾਰਣ ਦਾ ਭਾਗ ਅਵੱਸ਼ ਬਣਦੀ ਹੈ। ਇਸ ਧੁਨੀ ਦਾ ਉਚਾਰਣ ਕੱਸ ਕੇ ਕੀਤਾ ਜਾਵੇ, ਤਾਂ ਕਿ ਇਹ ਧੁਨੀ ਹਰਸ੍ਵ ਹੀ ਰਵ੍ਹੇ ਅਤੇ ਉਲਾਰ ਹੋ ਕੇ ਹੋੜੇ (ੋ) ਦੀ ਧੁਨੀ ਵਿੱਚ ਨਾ ਵਟੀਜ ਜਾਵੇ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸੁਰ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿੱਤੇ ਗਏ ਹਨ :

ਮਾਣਹਿ-ਤੂੰ ਮਾਣਦਾ ਹੈ। ਸਿਉ-ਨਾਲ। ਤੈ-ਪੁਰਖ ਵਾਚੀ, ਅਨ-ਪੁਰਖ ਪੜਨਾਉਂ ਹੈ, ਇਸ ਦਾ ਉਚਾਰਣ ਨਾਸਕਤਾ ਬਗੈਰ ਹੈ।

ਪਦ ਅਰਥ : ਮਨ ਇਛਾ-ਮਨ ਦੀ ਖਾਹਸ਼ (ਚਾਹਨਾ) ਅਨੁਸਾਰ। ਸਰਬਤ੍ਰ-ਸਭ ਕਿਸੇ ਦੀ। ਖੰਡਣੰ-ਨਾਸ ਕਰਨ ਵਾਲਾ। ਕਲਿ ਕਲੇਸਹ-ਕਲੀ ਕਾਲ ਦੇ ਦੁੱਖ ਕਲੇਸ਼। ਨਹ ਦੂਰਣਹ-ਦੂਰ ਨਹੀਂ (ਵੱਸਦਾ)।੧।

ਹਭਿ ਰੰਗ-ਸਾਰੇ ਮੌਜ ਮੇਲੇ। ਮਾਣਹਿ-ਤੂੰ ਮਾਣਦਾ (ਅਨੰਦ ਲੈਂਦਾ) ਹੈਂ। ਤੈ ਸਿਉ-ਤਿਸ (ਪ੍ਰਭੂ) ਨਾਲ। ਨੇਹੁ-ਪਿਆਰ। ਸਹੁ-ਮਾਲਕ। ਬਿੰਦ-ਪਲ ਭਰ। ਨ ਵਿਸਰਉ-ਵਿਸਰ ਨਾ ਜਾਏ। (ਕ੍ਰਿਆ, ਸੰਭਾਵ ਭਵਿਖਤ ਕਾਲ, ਉ: ਨਾਸਕਤਾ ਰਹਿਤ)। ਰਚਿਆ-ਬਣਾਇਆ ਹੈ। ਦੇਹੁ-ਸਰੀਰ।੨।

ਅਰਥ : (ਜੋ ਪ੍ਰਭੂ) ਸਭਨਾਂ ਨੂੰ ਮਨ-ਇੱਛਤ ਦਾਨ ਦੇਣ ਵਾਲਾ ਹੈ ਅਤੇ ਹਰ ਕਿਸੇ ਦੀ ਆਸਾ ਪੂਰੀ ਕਰਨ ਵਾਲਾ ਹੈ:

(ਜੋ ਪ੍ਰਭੂ) ਕਲੀ ਕਾਲ ਦੇ ਦੁੱਖ ਕਲੇਸ਼ ਨਾਸ਼ ਕਰਨ ਵਾਲਾ ਹੈ, ਉਸ ਪ੍ਰਭੂ ਦਾ (ਸੁਆਸ ਸੁਆਸ) ਸਿਮਰਨ ਕਰ, (ਉਹ ਤੈਥੋਂ ਕਤਈ) ਦੂਰ ਨਹੀਂ (ਹਾਜ਼ਰ ਨਾਜ਼ਰ ਹੈ)।੧।

ਜਿਸ ਪ੍ਰਭੂ ਦੇ ਨਾਲ ਹੁੰਦਿਆਂ (ਬਖਸ਼ਿਸ਼ ਸਦਕਾ) ਤੂੰ ਸਾਰੇ ਮੌਜ ਮੇਲੇ ਮਾਣਦਾ ਹੈਂ, ਤਿਸ ਨਾਲ ਪ੍ਰੇਮ ਪਾਉਣਾ ਚਾਹੀਦਾ ਹੈ।

ਨਾਨਕ ! (ਚਾਹੀਦਾ ਹੈ ਕਿ) ਉਹ ਮਾਲਕ, ਜਿਸ ਨੇ ਸੁਹਣਾ ਸਰੀਰ ਰਚਿਆ ਹੈ, (ਉਹ) ਪਲ ਭਰ ਵੀ ਮਨੋਂ ਨਾ ਵਿਸਰੇ।੨।

ਪਉੜੀ॥

ਜੀਉ ਪ੍ਰਾਨ ਤਨੁ ਧਨੁ ਦੀਆ
ਦੀਨੇ ਰਸ ਭੋਗ॥
ਗ੍ਰਿਹ ਮੰਦਰ ਰਥ ਅਸੁ ਦੀਏ
ਰਚਿ ਭਲੇ ਸੰਜੋਗ॥
ਸੁਤ ਬਨਿਤਾ ਸਾਜਨ ਸੇਵਕ ਦੀਏ,
ਪ੍ਰਭ ਦੇਵਨ ਜੋਗ॥
ਹਰਿ ਸਿਮਰਤ ਤਨੁ ਮਨੁ ਹਰਿਆ
ਲਹਿ ਜਾਹਿ ਵਿਜੋਗ॥
ਸਾਧ ਸੰਗਿ ਹਰਿ ਗੁਣ ਰਮਹੁ
ਬਿਨਸੇ ਸਭਿ ਰੋਗ॥੩॥

ਉਚਾਰਣ : ਜਾਹਿ-(ਜਾਂਦੇ ਹਨ) ਅੰਤਲੇ ਸੁਰ ਦਾ ਉਚਾਰਣ ਨਾਸਕੀ।

ਗ੍ਰਿਹ-ਅਰੰਭਕ ਸਿਹਾਰੀ 'ਗ' ਅੱਖਰ ਨਾਲ ਦੁੱਤ ਕੀਤੇ 'ਹ' ਨੂੰ ਲੱਗੀ ਹੈ।

ਇਸ ਦੀ ਧੁਨੀ 'ਰ' ਨਾਲ ਉਠਾਉਣੀ ਚਾਹੀਦੀ ਹੈ, ਨਾ ਕਿ 'ਹ' ਨਾਲ।

ਪਦ ਅਰਥ : ਜੀਉ-ਜੀਵਾਤਮਾ। ਗ੍ਰਿਹ-ਘਰ। ਅਸੁ-ਅਸ੍ਵ, ਘੋੜੇ। (ਔਂਕੜ 'ਵ' ਦਾ ਚਿਨ੍ਹਾਤਮਕ ਰੂਪ ਹੈ, ਇਹ ਸ਼ਬਦ 'ਅਸੁ' ਇਕ-ਵਚਨ ਅਤੇ ਬਹੁ-ਵਚਨ ਵਿੱਚ ਇਕੋ ਰੂਪ ਰਹਿੰਦਾ ਹੈ)। ਭਲੇ ਸੰਜੋਗ-ਸ਼ੁਭ ਭਾਗ। ਸੁਤ-ਪੁੱਤਰ। ਬਨਿਤਾ-ਇਸਤ੍ਰੀ (ਵਹੁਟੀ)।



www.AKJ.Org

ਦੇਵਨ ਜੋਗ-ਦੇਣ ਦੇ ਸਮਰਥ। ਲਹਿ ਜਾਹਿ-ਲਹਿ ਜਾਂਦੇ ਹਨ। ਵਿਜੋਗ-ਵਿਛੋੜੇ ਦੇ ਦੁੱਖ। ਰਮਹੁ-ਰਮਣ (ਗਾਇਨ) ਕਰੋ।੩।

ਅਰਥ : (ਜਿਸ ਦਾਤੇ ਨੇ) ਜੀਵਾਤਮਾ, ਪ੍ਰਾਣ, ਸਰੀਰ ਅਤੇ ਧਨ (ਦੌਲਤ) ਦਿੱਤਾ ਹੈ, ਰਸਦਾਇਕ ਪਦਾਰਥ ਦਿੱਤੇ ਹਨ :

ਘਰ, ਮਹਲ ਮਾੜੀਆਂ, ਰੱਥ ਅਤੇ ਘੋੜੇ ਦਿੱਤੇ ਹਨ ਅਤੇ (ਇਹਨਾਂ ਅਮੋਲਕ ਪਦਾਰਥਾਂ ਤੋਂ ਵਧਵੇਂ) ਸ਼ੁਭ ਭਾਗ ਰਚੇ ਹਨ :

(ਫਿਰ ਸਭ ਦਾਤਾਂ) ਦੇਣ ਦੇ ਸਮਰਥ ਜਿਸ ਪ੍ਰਭੂ ਜੀ ਨੇ ਪੁੱਤਰ, ਇਸਤ੍ਰੀ, ਸੱਜਣ-ਮਿੱਤਰ ਅਤੇ ਸੇਵਾਦਾਰ ਬਖ਼ਸ਼ੇ ਹਨ :

(ਉਸ) ਹਰੀ ਨੂੰ ਸਿਮਰਦਿਆਂ ਸਰੀਰ ਅਤੇ ਮਨ ਵੀ ਮਉਲ ਉੱਠਦਾ ਹੈ, (ਪ੍ਰਭੂ ਤੋਂ ਵਿਛੋੜੇ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਸਾਧ ਸੰਗਤ ਵਿੱਚ ਜੁੜ ਕੇ ਹਰੀ-ਪ੍ਰਭੂ ਦੇ ਗੁਣ ਗਾਇਨ ਕਰੋ, (ਜਿਸ ਜਿਸ ਨੇ ਗੁਣ ਗਾਇਨ ਕੀਤੇ, ਉਸ ਉਸ ਦੇ) ਸਾਰੇ ਦੁੱਖ-ਰੋਗ ਨਾਸ ਹੋ ਗਏ।੩।

ਸਲੋਕ।।

ਕੁਟੰਬ ਜਤਨ ਕਰਣੰ
ਮਾਇਆ ਅਨੇਕ ਉਦਮਹ।।
ਹਰਿ ਭਗਤਿ ਭਾਵ ਹੀਣੰ
ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ।।੧।।
ਤੁਟੜੀਆ ਸਾ ਪ੍ਰੀਤਿ
ਜੋ ਲਾਈ ਬਿਅੰਨ ਸਿਉ।।
ਨਾਨਕ ਸਚੀ ਰੀਤਿ
ਸਾਂਈ ਸੇਤੀ ਰਤਿਆ।।੨।।

ਉਚਾਰਣ : ਉਦਮਹ, ਪ੍ਰੇਤਤਹ-ਇਹਨਾਂ ਸ਼ਬਦਾਂ ਦਾ ਅੰਤਲਾ 'ਹ' ਮੁਕਤਾ ਹੈ। 'ਹ' ਦਾ ਉਚਾਰਣ 'ਹਿ' ਵਾਂਗ ਕਰਨਾ ਠੀਕ ਨਹੀਂ।

ਸਿਉ (ਨਾਲ)-ਅੰਤਲੇ ਸ੍ਵਰ ਦਾ ਉਚਾਰਣ ਨਾਸਕੀ।

ਪਦ ਅਰਥ : ਕੁਟੰਬ-ਟੱਬਰ। ਜਤਨ-ਉਪਰਾਲੇ, ਹੀਲੇ। ਕਰਣੰ-ਕਰਦੇ ਹਨ। ਉਦਮ-ਆਹਰ। ਭਗਤਿ ਭਾਵ ਹੀਣੰ-ਭਗਤੀ ਦੀ ਸ਼ਰਧਾ ਭਾਵਨਾ ਤੋਂ ਸੱਖਣੇ। ਪ੍ਰਭ ਬਿਸਰਤ-ਪ੍ਰਭੂ ਨੂੰ ਭੁੱਲ ਜਾਣ ਕਾਰਨ। ਤੇ-ਉਹ (ਬਹੁ-ਵਚਨ)। ਪ੍ਰੇਤਤਹ-ਭੂਤ-ਪ੍ਰੇਤ।੧।

ਬਿਅੰਨ ਸਿਉ-ਦੂਜਿਆਂ (ਹੋਰਨਾਂ) ਨਾਲ। ਰੀਤਿ-ਮਰਯਾਦਾ, ਜੁਗਤੀ। ਰਤਿਆ-(ਰਤੇ+ਆ) ਜੋ ਰੰਗੇ ਹੋਏ ਹਨ, ਕਿਰਿਆ, ਬਹੁ-ਵਚਨ, ਉਚਾਰਣ ਨਾਸਕਤਾ ਰਹਿਤ।

ਅਰਥ : ਆਪਣੇ ਅਤੇ ਪਰਵਾਰ (ਦੇ ਪਾਲਣ ਪੋਸ਼ਣ) ਲਈ ਕਈ ਪ੍ਰਕਾਰ ਦੇ ਉਪਰਾਲੇ ਕਰਦੇ ਹਨ ਅਤੇ ਮਾਇਆ (ਕਮਾਉਣ) ਲਈ ਨਾਨਾ ਪ੍ਰਕਾਰ ਦੇ ਆਹਰ ਕਰਦੇ ਹਨ।

ਨਾਨਕ ! ਪ੍ਰਭੂ-ਭਗਤੀ ਦੀ ਸ਼ਰਧਾ ਭਾਵਨਾ ਤੋਂ ਸੱਖਣੇ (ਮਨੁੱਖ) ਜੋ ਪ੍ਰਭੂ ਨੂੰ ਭੁੱਲ ਜਾਂਦੇ ਹਨ, ਉਹ (ਮਨੁੱਖ ਨਹੀਂ, ਮਨੁੱਖੀ ਜਾਮੇ ਵਿੱਚ) ਭੂਤ-ਪ੍ਰੇਤ ਹਨ।੧।

ਜੋ ਜੋ ਪ੍ਰੀਤੀ (ਪ੍ਰਭੂ ਨੂੰ ਛੱਡ ਕੇ) ਹੋਰਨਾਂ ਨਾਲ ਲਾਈ, ਉਹ ਆਖਰ ਟੁੱਟ ਗਈ।

ਨਾਨਕ ! (ਜੋ ਮਨੁੱਖ ਆਪਣੇ) ਮਾਲਕ-ਪ੍ਰਭੂ ਨਾਲ ਰੱਤੇ (ਰਹਿੰਦੇ) ਹਨ, ਉਹਨਾਂ ਦੀ ਪ੍ਰੀਤ-ਰੀਤ ਸੱਚੀ (ਸਦਾ ਥਿਰ ਰਹਿਣ ਵਾਲੀ) ਹੈ।੨।

ਪਉੜੀ।।

ਜਿਸੁ ਬਿਸਰਤ ਤਨੁ ਭਸਮੁ ਹੋਇ
ਕਹਤੇ ਸਭਿ ਪ੍ਰੇਤੁ।।
ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ
ਜਿਨ ਸਿਉ ਸੋਈ ਹੇਤੁ।।
ਕਰਿ ਅਨਰਥ ਦਰਬੁ ਸੰਚਿਆ
ਸੋ ਕਾਰਜਿ ਕੇਤੁ।।
ਜੈਸਾ ਬੀਜੈ ਸੋ ਲੁਣੈ
ਕਰਮ ਇਹੁ ਖੇਤੁ।।
ਅਕਿਰਤਘਣਾ ਹਰਿ ਵਿਸਰਿਆ
ਜੋਨੀ ਭਰਮੇਤੁ।।੪।।

ਉਚਾਰਣ : ਕਹਤੇ-ਵਿਚਕਾਰਲਾ 'ਹ' ਮੁਕਤਾ ਹੈ, ਇਸ ਨੂੰ 'ਹਿ' ਵਾਂਗ ਉਚਾਰਨਾ ਠੀਕ ਨਹੀਂ।

ਗ੍ਰਿਹ-ਅਰੰਭਕ ਸਿਹਾਰੀ 'ਗ' ਅੱਖਰ ਨਾਲ ਦੁੱਤ ਕੀਤੇ 'ਰ' ਨੂੰ ਲੱਗੀ ਹੈ। ਸੋ, ਇਸ ਦਾ ਉਚਾਰਣ 'ਰ' ਨਾਲ ਕੀਤੇ ਜਾਣਾ ਚਾਹੀਦਾ ਹੈ, 'ਹ' ਨਾਲ ਨਹੀਂ।

ਹੇਠ ਲਿਖੇ ਸ਼ਬਦਾਂ ਦੇ ਅੰਤਲੇ ਸ੍ਵਰ ਦਾ ਉਚਾਰਣ ਨਾਸਕੀ ਹੈ, ਇਨ੍ਹਾਂ ਦੇ ਅਰਥ ਨਾਲ ਦਿੱਤੇ ਹਨ : ਨ ਦੇਵਹੀ-ਨਹੀਂ ਦੇਂਦੇ। ਸਿਉ-ਨਾਲ। ਅਕਿਰਤਘਣਾ-ਨਾ-ਸ਼ੁਕਰਿਆਂ ਨੂੰ।



www.AKJ.Org

ਪਦ ਅਰਥ : ਜਿਸੁ ਬਿਸਰਤ-ਜਿਸ ਦੇ ਵਿਸਰਜਨ ਹੋਣ ਨਾਲ। (ਵਿਸਰਜਨ-ਵਿਛੜਨਾ, ਵਿਦਾ ਹੋਣਾ, ਕੂਚ ਕਰਨਾ)। ਭਸਮ-ਸੁਆਹ, ਮਿੱਟੀ। ਪ੍ਰੇਤ-ਭੂਤ। ਗ੍ਰਿਹ-ਘਰ। ਮਹਿ-ਵਿੱਚ। ਨ ਦੇਵਹੀ-ਨਹੀਂ ਦੇਂਦੇ, (ਕਿਰਿਆ, ਬਹੁ -ਵਚਨ)। ਸਿਉ-ਨਾਲ। ਹੇਤੁ-ਹਿਤੂ, ਪਿਆਰੇ। ਅਨਰਥ-ਵਲ ਛਲ, ਠੱਗੀ ਠੋਰੀ। ਦਰਬੁ-ਧਨ। ਸੰਚਿਆ-ਇਕੱਠਾ ਕੀਤਾ। ਕਾਰਜਿ ਕੇਤੁ-ਕਿਸ ਕੰਮ ਵਿੱਚ ? ਲੁਣੇ-ਵੱਢਦਾ ਹੈ। ਕਰਮ ਇਹੁ ਖੇਤੁ-ਇਹ (ਸਰੀਰ) ਕਰਮ-ਖੇਤਰ ਹੈ। ਅਕਿਰਤਘਣਾ-ਨਾ-ਸ਼ੁਕਰਿਆਂ ਨੂੰ, ਕੀਤੇ ਨੂੰ ਨਾ ਜਾਣਨ ਵਾਲਿਆਂ ਨੂੰ। ਜੋਨੀ ਭਰਮੇਤੁ-ਜੂਨਾਂ ਵਿੱਚ ਭਟਕਣਾ ਪੈਂਦਾ ਹੈ।

ਅਰਥ: ਜਿਸ ਜੀਵਾਤਮਾ ਦੇ ਵਿਸਰਜਨ ਕਰ ਜਾਣ (ਵਿਦਾ ਹੋਣ) ਕਾਰਨ ਸਰੀਰ ਮਿੱਟੀ (ਦੀ ਲੋਥ) ਹੋ ਜਾਂਦਾ ਹੈ, ਸਾਰੇ (ਸਾਕ ਸਨੇਹੀ) ਭੂਤ ਭੂਤ ਆਖਦੇ (ਸਾਥ ਛੱਡ ਜਾਂਦੇ) ਹਨ।

ਜਿਨ੍ਹਾਂ (ਸਾਕ ਸੰਬੰਧੀਆਂ) ਨਾਲ (ਜੀਵਨ ਪ੍ਰਯੰਤ) ਪਿਆਰ ਪਾਈ ਰੱਖਿਆ ਹੈ, ਓਹੀ ਹਿਤੂ (ਮਰਨ ਮਗਰੋਂ ਸਾਰੇ ਅੱਖਾਂ ਫੇਰ ਲੈਂਦੇ ਹਨ ਅਤੇ ਮਿਰਤਕ ਸਰੀਰ ਨੂੰ) ਪਲ ਭਰ ਵੀ ਘਰ ਵਿੱਚ ਰਹਿਣ ਨਹੀਂ ਦਿੰਦੇ।

ਵਲ ਫਰੇਬ ਕਰ ਕਰ ਕੇ ਜੋ ਧਨ ਇਕੱਠਾ ਕੀਤਾ ਸੀ, (ਮਰਨ ਮਗਰੋਂ ਜੀਵ ਦੇ) ਉਹ ਕਿਹੜੇ ਕੰਮ ?

(ਕੁਦਰਤਿ ਦਾ ਅਟੱਲ ਨੇਮ ਹੈ) ਜਿਹੋ ਜਿਹਾ ਕੋਈ ਬੀਜਦਾ ਹੈ, ਓਹੋ ਜਿਹਾ ਹੀ (ਫਲ) ਵੱਢਦਾ ਹੈ। ਇਹ ਸਰੀਰ ਕਰਮ-ਖੇਤਰ ਹੈ (ਇਹੁ ਸਰੀਰੁ ਕਰਮ ਕੀ ਧਰਤੀ.........।। (ਪੰਨਾ ੮੭੪)

ਜਿਨ੍ਹਾਂ ਅਹਿਸਾਨ-ਫ਼ਰਾਮੋਸ਼ (ਕੀਤੇ ਨੂੰ ਭੁਲਾ ਦੇਣ ਵਾਲੇ) ਮਨੁੱਖਾਂ ਨੂੰ ਪ੍ਰਭੂ ਭੁੱਲ ਜਾਂਦਾ ਹੈ, ਉਨ੍ਹਾਂ ਨੂੰ ਫਿਰ ਜੂਨਾਂ ਵਿੱਚ ਭਟਕਣਾ ਪੈਂਦਾ ਹੈ।੪।

*****

## ਸਾਰੇ ਫ਼ਿਕਰ ਅੰਦੇਸੇ ਹੀ ਮੁਕਾ ਦੇ

(ਸੁਰਜੀਤ ਸਿੰਘ ਸਾਜਨ)

ਫ਼ਸੀ ਹੈ ਜਿੰਦਗੀ ਦੀ ਕਿਸ਼ਤੀ ਮੰਝਧਾਰ 'ਚ
ਮੰਜਿਲ ਤੇ ਪੁਚਾ ਦੇ।
ਤੇਰੇ ਸਿਜਦੇ 'ਚ ਆਇਆ ਹਾਂ, ਦਿਲਦਾਰਾ,
ਮੇਰੇ ਦੁੱਖੜੇ ਮੁਕਾ ਦੇ।
ਮਨੁੱਖ ਗਲਤੀਆਂ ਦਾ ਪੁਤਲਾ ਹੈ,
ਗਲਤੀਆਂ ਕਰੇਗਾ ਹੀ।
ਲੇਖਾਂ ਤੇ ਵਾਰੀ ਆਉਣੀ ਨਹੀਂ,
ਸਾਰੇ ਲੇਖ ਹੀ ਮਿਟਾ ਦੇ।
ਗਮਜ਼ਦਾ ਹੋਇਆ ਹਾਂ ਤੇਰੀ ਯਾਦ ਵਿੱਚ,
ਮਨ ਨਹੀਂ ਜੁੜਦਾ ਹੈ।
ਮਿਹਰ ਕਰਕੇ ਦਾਤਾ, ਸਾਰੇ ਫ਼ਿਕਰ
ਅੰਦੇਸ਼ੇ ਹੀ ਮੁਕਾ ਦੇ।
ਤੇਰੇ ਤੇ ਹੀ ਭਰੋਸਾ ਹੈ, ਹੋਰ ਦੱਸ,
ਕਿਧਰ ਨੂੰ ਜਾਵਾਂ ਮੈਂ।
ਮੇਰੇ ਭਰੋਸੇ ਦੇ ਬੂਟੜੇ ਨੂੰ, ਆਸਾਂ,
ਦੇ ਫਲ ਲਗਾ ਦੇ।
ਬਹੁਤ ਚਿਰ ਹੁਣ ਤਾਂ ਹਨ੍ਹੇਰਿਆਂ 'ਚ,
ਜੀ ਲਿਆ ਹੈ।
ਮੇਰੇ ਹਨ੍ਹੇਰਿਆਂ ਨੂੰ ਹੁਣ ਤਾਂ,
ਰੌਸ਼ਨੀ ਦੀ ਕਿਰਨ ਵਿਖਾ ਦੇ।
ਭਾਵੇਂ ਕਿ ਸਾਰਿਆਂ ਉਪਰ ਹੀ,
ਨਦਰਿ ਤੇਰੀ ਹੈ ਮੇਰੇ ਸਤਿਗੁਰ !

ਪਰ ਇਹ ਭੈੜਾ ਮਨ ਠਹਿਰਦਾ ਨਹੀਂ,
ਇਸਨੂੰ ਠੁੰਮ੍ਹਣਾ ਲਗਾ ਦੇ।
ਬੜੇ ਬਿਖ ਪਦਾਰਥ ਖਾ ਖਾ ਕੇ,
ਮਨ ਅੱਕ ਗਿਆ ਹੈ।
ਤਰਸ ਰਿਹਾ ਹਾਂ, ਇਸ ਜੀਉੜੇ ਨੂੰ,
ਸੁਆਂਤੀ ਬੂੰਦ ਪਿਲਾ ਦੇ।
ਨਾਮ ਅੰਮ੍ਰਿਤ ਦੇ ਰਸ ਨਾਲ ਗੜੂੰਦ,
ਕਰਦੇ ਮੇਰੀ ਆਤਮਾ ਨੂੰ।
ਮੋਹ ਮਾਇਆ ਨਾਲ ਉਲਝੀ ਜਿੰਦਗੀ ਦੀ,
ਤਾਣੀ ਸੁਲਝਾ ਦੇ।
ਤਰਸਵਾਨ ਹਾਂ, ਤੇਰੇ ਦਰਸ ਦੀ ਤਾਂਘ
ਹੈ ਬੜੀ ਤੇਰੇ ਦੀਦਾਰ ਦੀ।
ਇੱਕ ਵਾਰ ਹੀ ਸਹੀ, ਏਸ ਪਤਝੜ ਨੂੰ,
ਬਹਾਰ ਵਿਖਾ ਦੇ।
ਜੇਕਰ ਆਸ ਟੁੱਟ ਗਈ ਤਾਂ,
ਕੱਖੋਂ ਹੌਲਾ ਹੋ ਜਾਵਾਂਗਾ ਮੈਂ।
ਬਹੁੜੋ ਐ ਮੁਸ਼ਕਲ ਕੁਸ਼ਾ, ਬੇ ਆਸ ਨਾ ਹੋਵਾਂ,
ਮੇਰੀ ਆਸ ਪੁਗਾ ਦੇ।
'ਸਾਜਨ' ਤੇਰੇ ਇੱਕ ਦਾਸ ਦੀ ਅਰਜ਼,
ਹੈ ਕਬੂਲ ਲੈਣੀ।
ਮੁਕਤੀ ਦੇ ਦੇ, ਜਾਂ ਫਿਰ ਇਸ ਜੀਵਨ
ਨੂੰ ਰੁਸ਼ਨਾ ਦੇ। *****



www.AKJ.Org

# ਮੇਰੀ ਪਹਿਲੀ ਮਿਲਣੀ

(ਕਰਨਲ ਪਿਆਰਾ ਸਿੰਘ ਜੀ ਦੀ ਜ਼ਬਾਨੀ)

ਇਸ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਸਮੇਂ, ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਫ਼ਤਹਗੜ੍ਹ ਸਾਹਿਬ ਵਿਖੇ ਭਾਰੀ ਜੋੜ-ਮੇਲਾ ਸੀ। ਰਿਆਸਤੀ ਕਰਮਚਾਰੀ ਤੇ ਅੰਗਰੇਜ਼ੀ ਹਕੂਮਤ ਦੇ ਅਫ਼ਸਰ ਸਰਕਾਰੀ ਤੌਰ ਤੇ ਪਰਬੰਧ ਕਰ ਰਹੇ ਸਨ। ਇਸ ਜੋੜ-ਮੇਲੇ ਦਾ ਪਰੰਬਧ ਰਿਆਸਤ ਦੇ ਮਹਾਰਾਜਾ ਜੀ ਦੀ ਸਰਕਰਦਗੀ ਵਿੱਚ ਹੋਇਆ ਕਰਦਾ ਸੀ। ਬੜਾ ਭਾਰੀ ਇੱਕਠ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੀਵਾਨ-ਅਸਥਾਨ ਵਾਲੇ ਪੰਡਾਲ ਵਿੱਚ ਸੋਭ ਰਹੀਆਂ ਸਨ। ਮਹਾਰਾਜਾ ਪਟਿਆਲਾ ਤੇ ਹੋਰ ਬਹੁਤ ਸਾਰੇ ਛੋਟੇ ਵੱਡੇ ਕਰਮਚਾਰੀ ਮੌਜੂਦ ਸਨ। ਮੈਂ ਆਪਣੇ ਪੰਜ ਛੇ ਫ਼ੌਜੀ ਸਾਥੀਆਂ ਸਮੇਤ ਉਸ ਜੋੜ-ਮੇਲੇ ਦੇ ਦਰਸ਼ਨਾਂ ਲਈ ਪੁੱਜਾ ਹੋਇਆ ਸੀ।

ਸਵੇਰ ਦਾ ਵੇਲਾ ਸੀ। ਦੀਵਾਨ-ਅਸਥਾਨ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਪੰਥ ਦਾ ਇੱਕ ਉਘਾ ਰਾਗੀ ਜੱਥਾ ਕਰ ਰਿਹਾ ਸੀ। ਸੰਗਤਾਂ ਕੀਰਤਨ ਦਾ ਅਨੰਦ ਲੈ ਰਹੀਆਂ ਸਨ। ਸਾਨੂੰ ਪੁੱਜਦਿਆਂ ਨੂੰ ਇਹ ਖ਼ਿਆਲ ਆਇਆ ਕਿ ਦੀਵਾਨ ਵਿਚ ਬੈਠਣ ਤੋਂ ਪਹਿਲੋਂ ਮਾਤਾ ਜੀ ਦੇ ਬੁਰਜ ਵਿਚ ਜਾ ਕੇ ਯਾਤਰਾ ਕਰ ਆਈਏ ਤੇ ਫਿਰ ਨਿਸਚਿੰਤ ਹੋ ਕੇ ਸਾਰੇ ਪ੍ਰੋਗਰਾਮ ਦੇ ਲਾਹੇ ਲਈਏ। ਇਸ ਖ਼ਿਆਲ ਨਾਲ ਅਸੀਂ ਸਾਰੇ ਫ਼ੌਜੀ-ਸਾਥੀ ਬੁਰਜ ਵੱਲ ਨੂੰ ਚਲੇ ਗਏ। ਦਰਵਾਜ਼ੇ ਵਿਚ ਦਾਖ਼ਲ ਹੁੰਦਿਆਂ ਹੀ ਇੱਕ ਅਸਚਰਜ ਨਜ਼ਾਰਾ ਦੇਖਿਆ।

ਖਾਲਸਈ ਬਸਤਰ-ਸ਼ਸਤਰ-ਧਾਰੀ ਇਕ ਨੌਜਵਾਨ ਇੱਕਲਾ ਹੀ ਸਮਾਧੀ ਲਾਈ ਬੈਠਾ ਹੈ। ਹਾਰਮੋਨੀਅਮ ਨਾਲ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਕਰਨ ਵਿਚ ਉਸਦੀ ਬਿਰਤੀ ਇਸ ਤਰ੍ਹਾਂ ਲੱਗੀ ਹੋਈ ਹੈ ਜਿਵੇਂ ਕਿਸੇ ਸਮਾਧੀ ਵਿੱਚ ਹੋਣ ਦੀ ਦਸ਼ਾ ਹੋਵੇ। ਅੱਖਾਂ ਬੰਦ ਹਨ। ਬੜੇ ਪ੍ਰੇਮ-ਸ਼ਰਧਾ ਨਾਲ ਕਿਸੇ ਮਸਤੀ ਵਿਚ ਕੀਰਤਨ ਕਰ ਰਿਹਾ ਹੈ। ਉਸ ਵੇਲੇ ਆਸਾ ਦੀ ਵਾਰ ਦਾ ਭੋਗ ਪੈਣ ਵਾਲਾ ਹੀ ਸੀ। ਉਸ ਦਾ ਅਦੁੱਤੀ ਪ੍ਰੇਮ ਵੇਖ ਕੇ ਤੇ ਅਲੌਕਿਕ ਕੀਰਤਨ ਸੁਣ ਕੇ ਸਾਡੇ ਤੇ ਐਸਾ ਪ੍ਰਭਾਵ ਪਿਆ ਕਿ ਅਸੀਂ ਭੀ ਉਥੇ ਹੀ ਉਸ ਦੇ ਪਿਛੇ ਬੈਠ ਗਏ। ਛੇਤੀ ਹੀ ਭੋਗ ਪੈ ਗਿਆ ਤੇ ਉਸੇ ਮਸਤੀ ਵਿੱਚ ਅਧ-ਮੀਟੀਆਂ ਅੱਖਾਂ ਨਾਲ ਉਹ ਯੁਵਕ ਉਠ ਕੇ ਅਰਦਾਸਾ ਸੋਧਣ ਲਈ ਸਾਵਧਾਨ ਹੋਇਆ। ਅਸੀਂ ਵੀ ਖੜ੍ਹੇ ਹੋ ਕੇ ਅਰਦਾਸੇ ਵਿੱਚ ਸ਼ਾਮਲ ਹੋ ਗਏ ਪਰ ਉਸ ਨੂੰ ਸ਼ਾਇਦ ਉਥੇ ਸਾਡੀ ਹੋਂਦ ਦਾ ਪਤਾ ਨਹੀਂ ਸੀ। ਕਿਸੇ ਖ਼ਾਸ ਰੰਗ ਅਤੇ ਸ਼ਰਧਾ ਵਿੱਚ ਅਰਦਾਸਾ ਹੋਇਆ। ਉਸ ਨਜ਼ਾਰੇ ਅਤੇ ਅਤਿ ਸ਼ਰਧਾ-ਪ੍ਰੇਮ ਭਰੇ ਉਸ ਯੁਵਕ ਦੇ ਚੇਹਰੇ ਦਾ ਹੁਣ ਵੀ ਜਦ ਖਿਆਲ ਕਰਦਾ ਹਾਂ ਤਾਂ ਹਿਰਦਾ ਦ੍ਰਵ ਜਾਂਦਾ ਹੈ। ਅਸੀਂ ਵੀ ਪੰਜ ਛੇ ਸਾਥੀ ਉਸ ਅਰਦਾਸੇ ਨਾਲ ਰਲ ਕੇ, ਅਰਦਾਸ-ਰੂਪ ਹੋ ਰਹੇ ਸਾਂ ਕਿ ਉਸ ਦੇ ਮੂੰਹੋਂ ਨਿਕਲੇ ਕੁਝ ਏਸ ਤਰ੍ਹਾਂ ਦੇ ਅੱਖਰਾਂ ਨੇ ਸਾਨੂੰ ਚੌਂਕਾਅ ਦਿੱਤਾ-

*"ਹੇ ਖਾਲਸਾ ਪੰਥ ਦੇ ਮਾਲੀ ਦਸਮੇਸ਼ ਪਿਤਾ ਜੀ ! ਇਸ ਪਵਿੱਤਰ ਅਸਥਾਨ ਤੇ ਆਪ ਜੀ ਨੇ ਇਸ ਦਾਸ ਦੇ ਦੋ ਭਰਾਵਾਂ ਦੀ ਸ਼ਹੀਦੀ ਕਬੂਲੀ ਸੀ। ਪਿਆਰੇ ਪਿਆਰੇ ਸਾਹਿਬਜ਼ਾਦਿਆਂ ਨੂੰ ਛੋਟੀ ਜਿਹੀ ਬਰੇਸ ਵਿੱਚ ਇਹ ਸ਼ਹੀਦੀ ਜਾਮ ਪੀਣ ਦਾ ਸੁਭਾਗ ਬਖਸ਼ਿਆ ਸੀ। ਅੱਜ ਇਸ ਪਵਿੱਤਰ ਅਸਥਾਨ ਤੇ ਉਹਨਾਂ ਦਾ ਇਹ ਛੋਟਾ ਵੀਰ ਵੀ, ਆਪ ਜੀ ਪਾਸੋਂ ਸ਼ਹੀਦੀ ਦੀ ਮੰਗ ਮੰਗਣ ਲਈ ਹਾਜ਼ਰ ਹੋਇਆ ਹੈ। ਜੋ ਕੁਝ ਇਸ ਅਸਥਾਨ ਤੇ ਹੋ ਰਿਹਾ ਹੈ, ਉਹ ਦਾਸ ਬਰਦਾਸ਼ਤ ਕਰਨ ਤੋਂ ਅਸਮਰੱਥ ਹੈ। ਦੁਨਿਆਵੀਂ ਐਸ਼ਵਰਜ ਤੇ ਰਾਜਸੀ ਤਾਕਤ ਵਾਲੇ ਮਹਾਰਾਜੇ ਤੇ ਅੰਗਰਜ਼ੀ ਹਕੂਮਤ ਦੇ ਕਰਮਚਾਰੀਆਂ ਨਾਲ ਟਾਕਰਾ ਹੈ। ਮੈਨੂੰ ਆਸ ਨਹੀਂ ਕਿ ਦਾਸ ਦੀ ਮੰਗ ਵੱਲ ਗਹੁ ਕਰਨ। ਤੇ ਇਸੇ ਲਈ ਅਰਦਾਸ ਹੈ ਪਿਤਾ ਜੀ, ਕਿ ਜਾਨ ਜਾਏ ਤਾਂ ਜਾਏ, ਪਰ ਇਸ ਪਾਵਨ ਅਸਥਾਨ ਦੀ ਹੋ ਰਹੀ ਬੇਅਦਬੀ ਨਾ ਹੋਵੇ। ਇਸ ਕਾਰਜ ਲਈ ਸ਼ਹੀਦੀ ਦੀ ਯਾਚਨਾ ਲਈ ਹਾਜ਼ਰ ਹੋਇਆ ਹਾਂ।"*

ਕੁਝ ਇਸ ਤਰ੍ਹਾਂ ਦੇ ਭਾਵ ਵਾਲੇ ਅੱਖਰਾਂ ਵਿੱਚ, ਪਰ ਕਿਸੇ ਖ਼ਾਸ ਰੰਗ ਤੇ ਦ੍ਰਿੜ੍ਹਤਾ ਵਿੱਚ ਅਰਦਾਸ ਹੋਈ। ਸਮਾਪਤੀ ਤੇ ਸਾਰਿਆਂ ਨੇ ਮੱਥਾ ਟੇਕਿਆ।

ਉਸ ਸਿੰਘ (ਭਾਈ ਸਾਹਿਬ ਰਣਧੀਰ ਸਿੰਘ ਜੀ) ਨੂੰ ਮੁੜਨ ਲੱਗਿਆਂ ਅਸੀਂ ਫ਼ਤਹ ਗਜਾਈ। ਉਸ ਨੇ ਅਧ-ਮੀਟੀਆਂ ਅੱਖਾਂ, ਮਸਤ ਅੱਖਾਂ ਨਾਲ ਫ਼ਤਹ ਦਾ ਉੱਤਰ ਦੇ ਦਿੱਤਾ, ਪਰ ਸਾਡੀ ਹੋਂਦ ਵਲੋਂ ਬਿਲਕੁੱਲ ਬੇਪਰਵਾਹ, ਉਹ ਦੀਵਾਨ-ਅਸਥਾਨ ਵੱਲ ਨੂੰ ਧਾਈ ਕਰ ਕੇ ਚਲਾ ਗਿਆ। ਅਸਾਂ ਇਹ ਤਾੜ ਲਿਆ ਕਿ ਇਸ ਦੀ ਅਰਦਾਸ ਦਾ ਸੰਬੰਧ ਇਸੇ ਦੀਵਾਨ ਨਾਲ ਹੈ ਤੇ ਜ਼ਰੂਰ ਕੁਝ ਨਾ ਕੁਝ ਵਾਪਰਨ ਵਾਲਾ ਹੈ।

ਅਸੀਂ ਆਪਸ ਵਿੱਚ ਇਸ ਸਿੰਘ ਦੀ ਸਹਾਇਤਾ ਦਾ ਮਤਾ ਪਕਾ ਕੇ ਉਸ ਦੇ ਪਿੱਛੇ ਚਲੇ ਗਏ, ਇਹ ਸੋਚ ਕੇ ਕਿ ਸ਼ਾਇਦ ਇਸ ਨੇ ਦੀਵਾਨ ਵਿੱਚ ਜਾ ਕੇ ਕੋਈ ਐਸੀ ਗੱਲ ਕਰਨੀ ਹੋਵੇ ਜਿਸ ਤੋਂ ਪ੍ਰਬੰਧਕ ਰੋਕਣ। ਅਸਾਂ ਫ਼ੌਜੀ ਢੰਗ ਨਾਲ ਇਹ ਵਿਉਂਤ ਬਣਾਈ ਤੇ ਸਾਰੇ ਜਣੇ



www.AKJ.Org

ਦੀਵਾਨ ਦੇ ਸਾਰਿਆਂ ਪਾਸਿਆਂ ਵੱਲ ਖਿੰਡ ਗਏ ਤਾਂ ਕਿ ਹਰ ਪਾਸੇ ਤੋਂ ਉਸ ਸਿੰਘ ਦੀ ਗੱਲ ਸੁਣਨ ਦੀ ਮੰਗ ਅਵਾਜ਼ਾਂ ਰਾਹੀਂ ਉਠਾਈ ਜਾਵੇ। ਇਵੇਂ ਹੀ ਹੋਇਆ।

ਸ਼ਸਤਰ-ਧਾਰੀ ਸਿੰਘ ਜਦ ਗੁਰੂ ਮਹਾਰਾਜ ਦੇ ਸਨਮੁਖ ਮੱਥਾ ਟੇਕ ਕੇ ਉਠੇ ਤਾਂ ਵਾਪਸ ਮੁੜ ਕੇ ਕਿਤੇ ਬੈਠਣ ਦੀ ਥਾਂ, ਓਹ ਉਥੇ ਹੀ ਖੜੇ ਹੋ ਗਏ। ਆਪਣੇ ਦੋਹਾਂ ਹੱਥਾਂ ਵਿੱਚ ਪਾਏ ਮੋਟੇ ਮੋਟੇ ਕੜਿਆਂ ਨੂੰ ਖੜਕਾ ਕੇ, ਕਿਸੇ ਗੁਰ-ਸ਼ਬਦ ਦਾ ਕੀਰਤਨ ਬਹੁਤ ਉਚੀ ਧੁਨੀ ਵਿੱਚ ਆਰੰਭ ਕਰ ਦਿੱਤਾ। ਆਸਾ ਦੀ ਵਾਰ ਦੇ ਪਹਿਲੋਂ ਹੋ ਰਹੇ ਕੀਰਤਨ ਵਿਚ ਵਿਘਨ ਪੈ ਗਿਆ, ਖਲਬਲੀ ਜਿਹੀ ਮੱਚ ਗਈ। ਪ੍ਰਬੰਧਕਾਂ ਵਲੋਂ ਉੱਚੀ ਉੱਚੀ ਉਸ ਸਿੰਘ ਨੂੰ ਬੈਠਣ ਅਤੇ ਚੁੱਪ ਕਰਨ ਦੇ ਹੁਕਮ ਹੋਣ ਲੱਗੇ। ਪਰ ਉੱਥੇ ਕੌਣ ਸੁਣਦਾ ਸੀ ? ਅੱਖੀਆਂ ਬੰਦ, ਗੁਰੂ ਸਾਹਿਬ ਦੇ ਸਨਮੁਖ, ਉਹ ਸਿੰਘ ਹਰ ਟੋਕਾ ਟਾਕੀ ਤੋਂ ਬੇਪਰਵਾਹ ਕੀਰਤਨ ਕਰੀ ਗਿਆ। ਐਨੀ ਉੱਚੀ ਗੂੰਜਵੀਂ ਆਵਾਜ਼ ਸੀ ਕਿ ਰਾਗੀ ਸਿੰਘਾਂ ਨੂੰ ਕੀਰਤਨ ਬੰਦ ਕਰਨਾ ਪਿਆ।

ਜਦ ਪ੍ਰਬੰਧਕ ਉਸ ਨੂੰ ਰੋਕਣ ਲਈ ਸ਼ੋਰ ਮਚਾਣ ਉਪਰੰਤ ਹਟਾਣ ਲਈ ਅੱਗੇ ਵਧੇ ਤਾਂ ਅਸੀਂ ਸਾਰਿਆਂ ਪਾਸਿਆਂ ਤੋਂ ਆਵਾਜ਼ਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਕਿ ਇਸ ਸਿੰਘ ਨੂੰ ਪੁੱਛਿਆ ਜਾਵੇ ਕਿ ਇਹ ਕੀ ਚਾਹੁੰਦਾ ਹੈ, ਅਤੇ ਇਸ ਦੀ ਗੱਲ ਸਾਰੀ ਸੰਗਤ ਵਿੱਚ ਸੁਣੀ ਜਾਵੇ। ਸਾਡੀਆਂ ਆਵਾਜ਼ਾਂ ਨਾਲ ਹੋਰ ਕਈ ਆਵਾਜ਼ਾਂ ਰਲ ਗਈਆਂ ਤੇ ਇਹ ਮੰਗ ਸਾਰੀ ਸੰਗਤ ਦੀ ਮੰਗ ਬਣ ਗਈ। ਪ੍ਰਬੰਧਕ ਝਿਜਕਦੇ ਸਨ ਪਰ ਮਜ਼ਬੂਰ ਹੋ ਕੇ ਉਨ੍ਹਾਂ ਸਿੰਘ ਨੂੰ ਗੱਲ ਦੱਸਣ ਲਈ ਪੁਛਿਆ ਕਿ ਉਸ ਦਾ ਅਸਲ ਮੰਤਵ ਕੀ ਹੈ ? ਸਿੰਘ ਜੀ ਸਟੇਜ ਤੇ ਆ ਗਏ ਤੇ ਖੜ੍ਹੇ ਹੋ ਕੇ ਕੁੱਝ ਇਸ ਤਰ੍ਹਾਂ ਨਾਲ ਬੜੇ ਜੋਸ਼ ਵਿੱਚ ਕਿਹਾ-

*"ਸਾਧ ਸੰਗਤ ਜੀ ! ਦਾਸ ਨੂੰ ਖੇਦ ਹੈ ਕਿ ਸ੍ਰੀ ਆਸਾ ਦੀ ਵਾਰ ਦੇ ਪਵਿੱਤਰ ਕੀਰਤਨ ਨਾਲੋਂ ਆਪ ਦੀਆਂ ਬਿਰਤੀਆਂ ਨੂੰ ਤੋੜਨ ਦਾ ਅਪਰਾਧੀ ਬਣਿਆ ਹਾਂ। ਇਸ ਅਪਰਾਧ ਦੀ ਹੱਥ ਜੋੜ ਕੇ ਖਿਮਾ ਮੰਗਦਾ ਹੋਇਆ ਬੇਨਤੀ ਕਰਦਾ ਹਾਂ ਕਿ ਇਹ ਅਪਰਾਧ ਮੈਂ ਕਿਸੇ ਖਾਸ ਮਜ਼ਬੂਰੀ ਵਿੱਚ ਕੀਤਾ ਹੈ। ਇਹ ਕਦਮ ਚੁੱਕਣ ਤੋਂ ਪਹਿਲਾਂ ਦਾਸ ਪ੍ਰਬੰਧਕ ਕਰਮਚਾਰੀਆਂ ਨਾਲ ਚਾਰਾਜੋਈ ਕਰ ਚੁੱਕਾ ਹੈ ਪਰ ਉਨ੍ਹਾਂ ਨੇ ਦਾਸ ਦੀ ਬੇਨਤੀ ਵੱਲ ਗਹੁ ਨਹੀਂ ਕੀਤਾ, ਪਰਵਾਹ ਹੀ ਨਹੀਂ ਕੀਤੀ ਤੇ ਸੁਣੀ ਅਣਸੁਣੀ ਕਰ ਕੇ ਟਾਲ ਦਿੱਤਾ। ਇਸ ਪਵਿੱਤਰ ਅਸਥਾਨ ਤੇ ਦਸਮੇਸ਼ ਪਿਤਾ ਜੀ ਦੇ ਲਾਡਲੇ ਸਾਹਿਬਜ਼ਾਦਿਆਂ ਦਾ ਪਵਿੱਤਰ ਸ਼ਹੀਦੀ ਖ਼ੂਨ ਡੁੱਲ੍ਹਿਆ ਹੈ। ਇੱਥੇ ਜਗਤ-ਮਾਤਾ, ਮਾਤਾ ਗੁਜਰੀ ਜੀ ਧਰਮ ਤੋਂ ਨਿਛਾਵਰ ਹੋਏ ਹਨ। ਗੁਰਬਾਣੀ, ਧੁਰ ਕੀ ਬਾਣੀ, ਮਹਾਂ ਬਾਣੀ, ਬਾਣੀਆਂ ਸਿਰ ਬਾਣੀ ਹੈ। ਐਸੇ ਪਵਿੱਤਰ ਅਸਥਾਨ ਤੇ ਐਸੀ ਪਵਿੱਤਰ ਬਾਣੀ ਦਾ ਕੀਰਤਨ, ਫਿਰ ਐਸੇ ਪਵਿੱਤਰ ਦਿਹਾੜੇ, ਇੱਕ ਐਸਾ ਕੀਰਤਨੀ ਜਥਾ ਸੁਣਾਵੇ ਜੋ ਪਤਿਤ-ਕਰਮੀ ਹੋਣ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਪੰਥ ਤੋਂ ਛੇਕਿਆ ਜਾ ਚੁੱਕਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਇਸ ਜਥੇ ਨੂੰ ਕਿਸੇ ਗੁਰਦੁਆਰਾ ਸਾਹਿਬ ਜਾਂ ਕਿਸੇ ਦੀਵਾਨ ਵਿੱਚ ਕੀਰਤਨ ਕਰਨ ਦੀ ਆਗਿਆ ਨਹੀਂ, ਜਦ ਤਾਈਂ ਕਿ ਇਹ ਜੱਥਾ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਆਪਣੀ ਭੁੱਲ ਬਖ਼ਸ਼ਵਾ ਕੇ, ਫੇਰ ਅੰਮ੍ਰਿਤ ਪਾਨ ਕਰਕੇ ਸਿੰਘ ਨਹੀਂ ਸਜ ਜਾਂਦਾ। ਇਸ ਜੱਥੇ ਦੇ ਮੁੱਖੀ ਨੂੰ ਪੁੱਛ ਲਵੋ ਕਿ ਕੀ ਉਸ ਨੇ ਅਮੁਕੇ ਸ਼ਹਿਰ ਵਿੱਚ ਇੱਕ ਪਵਿੱਤਰ ਆਤਮਾ ਨਵਯੁਵਕ ਬੀਬੀ ਨੂੰ ਆਪਣੀ ਨਾਪਾਕ ਤੇ ਨੀਚ ਹਰਕਤ ਨਾਲ ਅਪਵਿੱਤਰ ਨਹੀਂ ਕੀਤਾ ? ਕੀ ਇਸ ਨੀਚਤਾ ਭਰੇ ਕੁਕਰਮ ਤੇ ਪਤਿਤ ਕਰਮ ਦੇ ਭਾਗੀ ਹੋਣ ਕਰਕੇ ਇਸ ਨੂੰ ਸ੍ਰੀ ਅਕਾਲ ਤਖ਼ਤ ਤੋਂ ਕੀਰਤਨ ਕਰਨ ਦੀ ਮਨਾਹੀ ਦਾ ਹੁਕਮ ਨਹੀਂ ਹੋਇਆ ? ਇਨ੍ਹਾਂ ਹਾਲਾਤ ਵਿੱਚ ਇਹ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਐਸਾ ਪਤਿਤ-ਕਰਮੀ ਜੱਥਾ ਹਜ਼ਾਰਾਂ ਦੀ ਗਿਣਤੀ ਵਿੱਚ ਜੁੜ ਰਹੀ ਸ਼ਰਧਾਵਾਨ ਸੰਗਤ ਵਿੱਚ ਕੀਰਤਨ ਕਰੇ ਤੇ ਫੇਰ ਇਸ ਪਵਿੱਤਰ ਅਸਥਾਨ ਅਤੇ ਇਸ ਪਵਿੱਤਰ ਪੁਰਬ ਦੇ ਦਿਹਾੜੇ ! ਪ੍ਰਬੰਧਕਾਂ ਵਿੱਚੋਂ ਕਈਆਂ ਨਾਲ ਇਸ ਦਾ ਸ਼ਾਇਦ ਮੇਲ-ਜੋਲ ਹੋਣ ਕਰਕੇ, ਉਨ੍ਹਾਂ ਨੇ ਦਾਸ ਦੀ ਇਸ ਮੰਗ ਨੂੰ ਨਹੀਂ ਗਉਲਿਆ, ਤੇ ਹੁਣ ਇਹ ਸਭ ਮੁਆਮਲਾ ਸਰਬੱਤ ਸੰਗਤ ਦੇ ਸਪੁਰਦ ਹੈ।"*

ਇਹ ਅੱਖਰ ਕੀ ਸਨ ? ਇੱਕ ਜਾਦੂ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਜੁੜੀ ਸੰਗਤ ਤੇ ਸੱਨਾਟਾ ਛਾ ਗਿਆ। ਕਿਸੇ ਅਕਹਿ ਜੋਸ਼, ਦ੍ਰਿੜ੍ਹਤਾ ਤੇ ਮਸਤੀ ਵਿੱਚ ਇਹ ਜਜ਼ਬਾਤ ਪੇਸ਼ ਕੀਤੇ ਗਏ ਸਨ। ਪ੍ਰਬੰਧਕ ਜਨ ਨਿਮੋਝੂਣੇ ਹੋਏ ਬੈਠੇ ਸਨ। ਉਹ ਰਾਗੀ ਜੱਥਾ ਤਾਂ ਇਸ ਕਥਨ ਦੀ ਸਮਾਪਤੀ ਤੋਂ ਪਹਿਲੇ ਹੀ ਸਾਜ ਆਦਿ ਸਾਂਭ ਕੇ ਪਤਾ ਨਹੀਂ ਲੱਗਾ ਕਿ ਕਦੋਂ ਖਿਸਕੰਤ ਹੋ ਗਿਆ। ਸੰਗਤ ਨੇ 'ਸ਼ਰਮ ! ਸ਼ਰਮ'!! ਦੇ ਨਾਅਰੇ ਲਗਾਏ ਅਤੇ ਸਿੰਘ ਸਾਹਿਬ (ਜਿਨ੍ਹਾਂ ਦੇ ਕੀਰਤਨ ਦਾ ਨਮੂਨਾ ਸੰਗਤ ਹੁਣੇ ਦੇਖ ਚੁੱਕੀ ਸੀ) ਨੂੰ ਬੇਨਤੀ ਕੀਤੀ ਗਈ ਕਿ ਉਹ ਬਾਕੀ ਰਹਿੰਦੀ ਆਸਾ ਦੀ ਵਾਰ ਦਾ ਕੀਰਤਨ ਸੁਣਾਉਣ। ਉਹ ਬੜੇ ਉਤਸ਼ਾਹ ਨਾਲ ਸਟੇਜ ਤੇ ਸਜ ਗਏ ਅਤੇ ਕਿਸੇ ਚਾਅ, ਖੁਸ਼ੀ ਤੇ ਪ੍ਰੇਮ ਵਿੱਚ ਆ ਕੇ, ਸ਼ੁਕਰਾਨੇ ਭਰੇ ਜਜ਼ਬਾਤ ਵਿੱਚ ਐਸਾ ਕੀਰਤਨ ਕੀਤਾ ਕਿ ਸੰਗਤਾਂ ਮਸਤ ਹੋ ਗਈਆਂ।

ਇਹ ਸੀ ਮੇਰੀ ਪਹਿਲੀ ਮਿਲਣੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ। ✱✱✱✱✱



www.AKJ.Org

# ਗੁਸਾਈਂ ਦੇ ਪਹਿਲਵਾਨੜੇ

(ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਮਹਾਂ ਪੁਰਖਾਂ ਦੇ ਜੀਵਨ, ਜਗਿਆਸੂਆਂ ਲਈ ਚਾਨਣ-ਮੁਨਾਰੇ ਹੁੰਦੇ ਹਨ। ਉਨ੍ਹਾਂ ਦੇ ਜੀਵਨ ਦੇ ਹਰ ਪੱਖ ਚੋਂ ਮਨੁੱਖ ਨੂੰ ਚਾਨਣ, ਅਗਵਾਈ ਅਤੇ ਨਿਰਮਲ ਪ੍ਰੇਰਨਾ ਮਿਲਦੀ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਗੁਸਾਈਂ ਦੇ ਪਹਿਲਵਾਨੜੇ ਦੇ ਰੂਪ ਵਿੱਚ ਆਪਣਾ ਜੀਵਨ ਬਤੀਤ ਕ਼ੀਤਾ। ਨਾਮ-ਬਾਣੀ ਦੀ ਅਤੁੱਟ ਕਮਾਈ ਕਰ ਕੇ ਜੀਵਨ-ਮੁਕਤ ਅਵਸਥਾ ਨੂੰ ਪ੍ਰਾਪਤ ਹੋਏ ਅਤੇ ਜੀਵਨ-ਪ੍ਰਯੰਤ ਨਾਮ-ਬਾਣੀ ਦਾ ਢੰਡੋਰਾ ਦੇਣ ਦੇ ਸਫ਼ਲ ਆਹਰ ਵਿੱਚ ਰੁੱਝੇ ਰਹੇ। ਖਾਲਸਾ ਰਹਿਤ ਪ੍ਰਤੀ ਆਸ਼ਕੀ ਅਤੇ ਗੁਰੂ-ਹੁਕਮਾਂ ਦੀ ਪਾਲਣਾ ਦਾ ਚਾਅ ਜਿੱਥੇ ਆਪ ਜੀ ਦੀ ਸਖਸ਼ੀਅਤ ਨੂੰ ਵਿਕਸਤ ਕਰਨ ਵਿੱਚ ਸਹਾਈ ਹੋਇਆ, ਉਥੇ ਜਿਹੜੇ ਜਿਹੜੇ ਵਿਅਕਤੀਆਂ ਨੂੰ ਵੀ ਆਪ ਜੀ ਦੀ ਸਖਸ਼ੀਅਤ ਜਾਂ ਆਪ ਜੀ ਦੀ ਲੇਖਣੀ ਦੇ ਨੇੜੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ, ਉਹਨਾਂ ਅੰਦਰ ਵੀ ਗੁਰਮਤਿ-ਜੀਵਨ ਜੀਊਣ ਦਾ ਚਾਅ ਉਸੇ ਤਰ੍ਹਾਂ ਠਾਠਾ ਮਾਰ ਉੱਠਿਆ।

ਆਪ ਜੀ ਨੇ ਆਯੂ ਪ੍ਰਯੰਤ ਗੁਰਮਤਿ ਅਸੂਲਾਂ ਤੇ ਪਹਿਰਾ ਦਿੱਤਾ ਤੇ ਦ੍ਰਿੜ੍ਹ ਰਹੇ। ਆਪ ਜੀ ਨੇ ਆਪਣੇ ਸਮੁੱਚੇ ਜੀਵਨ ਨੂੰ ਨਾਮ-ਬਾਣੀ ਦੇ ਅਭਿਆਸ ਅਤੇ ਕੀਰਤਨ-ਪ੍ਰਚਾਰ ਲਈ ਗੁਰੂ-ਲੇਖੇ ਲਾਇਆ।

ਮਨੁੱਖੀ ਜੀਵਨ ਵਿੱਚ ਪਲਟਾ ਕੇਵਲ ਉਸੇ ਵਿਅਕਤੀ ਦੀ ਲੇਖਣੀ ਲਿਆ ਸਕਦੀ ਹੈ ਜਿਸ ਨੇ ਨਿਜੀ ਕਮਾਈ ਦੇ ਅਧਾਰ ਤੇ ਕੁੱਝ ਲਿਖਿਆ ਹੁੰਦਾ ਹੈ। ਭਾਈ ਸਾਹਿਬ ਜੀ ਦੀ ਲੇਖਣੀ ਗੁਰਮਤਿ ਉੱਤੇ ਅਧਾਰਤ, ਅਤੇ ਨਾਮ-ਬਾਣੀ ਦੇ ਅਭਿਆਸ ਦੁਆਰਾ ਵਾਪਰੇ ਦੈਵੀ ਚਮਤਕਾਰਾਂ ਤੇ ਅਧਾਰਤ ਇੱਕ ਮੌਲਕ ਰਚਨਾ ਹੈ।

ਆਪ ਜੀ ਦਾ ਜੀਵਨ ਬਹੁ-ਪੱਖੀ ਅਤੇ ਸਰਬ-ਪੱਖ-ਸੰਪੂਰਨ ਸੀ। ਆਪ ਜੀ ਅਤੁੱਟ ਨਾਮ-ਅਭਿਆਸੀ, ਗੁਰਬਾਣੀ ਕੀਰਤਨ ਦੇ ਰਸਿਕ ਪ੍ਰੀਤਵਾਨ ਅਤੇ ਘੰਟਿਆਂ ਬੱਧੀ ਕੀਰਤਨ-ਰਸ ਮਾਨਣ ਵਾਲੇ ਅਣਥੱਕ ਕੀਰਤਨੀਏ, ਕਥਨੀ ਕਰਨੀ ਦੇ ਸੂਰੇ, ਖਾਲਸਾ ਰਹਿਤ-ਰਹਿਣੀ ਦੇ ਪੂਰੇ, ਸਿੱਖੀ ਸਿਦਕ ਤੇ ਸਿਰੜ ਦੇ ਦ੍ਰਿੜ੍ਹ ਵਿਸ਼ਵਾਸ਼ੀ, ਬੀਰ-ਰਸ ਦੇ ਪੁੰਜ ਅਤੇ ਗੁਰਮਤਿ ਗੁਹਜ ਰਮਜ਼ਾ ਦੇ ਮਹਿਰਮ ਅਤੇ ਅਦੁੱਤੀ ਵਿਆਖਿਆਕਾਰ ਧਨ।

ਗੁਰਬਾਣੀ ਦੀ ਪਾਰਸ ਕਲਾ ਦੇ ਮੁਅਜਜ਼ੇ (ਕ੍ਰਿਸ਼ਮੇ) ਜਿਉਂ ਜਿਉਂ ਵਰਤਦੇ ਗਏ, ਤਿਉਂ ਤਿਉਂ ਆਪ ਗੁਰਬਾਣੀ ਦੇ ਸ਼ੈਦਾਈ ਹੁੰਦੇ ਗਏ, ਅੰਤ ਗੁਰਬਾਣੀ ਆਪ ਜੀ ਦੇ ਜੀਵਨ ਦਾ ਆਧਾਰ ਬਣ ਗਿਆ। ਇਸ ਗੁਰਬਾਣੀ ਦੇ ਆਸ਼ਕ ਦੀ ਸੰਗਤ ਵਿੱਚ ਅਨੇਕ ਗੁਰਸਿੱਖ ਪ੍ਰੇਮ ਰੰਗ ਵਿੱਚ ਰੰਗੇ ਗਏ ਤੇ ਇਸ ਤਰ੍ਹਾਂ ਗੁਰੂ-ਮਿਹਰ ਸਦਕਾ ਅਖੰਡ ਕੀਰਤਨੀ ਜੱਥੇ ਦਾ ਬਾਨ੍ਹਣੂ ਬੱਝਾ, ਜਿਸ ਸਦਕਾ ਨਿਸ਼ਕਾਮ ਅਖੰਡ ਕੀਰਤਨ ਦੀ ਸੇਵਾ ਦਾ ਤੋਰਾ ਤੁਰਿਆ ਜਾ ਰਿਹਾ ਹੈ। ਸਤਿਗੁਰੂ ਜੀ ਮਿਹਰ ਕਰਨ ! ਇਹ ਪ੍ਰਵਾਹ ਬਣਿਆ ਰਵ੍ਹੇ !! ਚੜ੍ਹਦੀ ਕਲਾ ਵਿੱਚ ਜਾਵੇ।

ਗੁਰਮਤਿ ਦੇ ਕਈ ਗੂੜ੍ਹ ਅਤੇ ਅਣ-ਛੋਹ ਵਿਸ਼ਿਆ ਨੂੰ ਆਪ ਜੀ ਨੇ ਛੋਹਿਆ ਅਤੇ ਗੁਰਬਾਣੀ ਦੀ ਅਗਵਾਈ ਹੇਠ ਨਿਜੀ ਅਨੁਭਵ ਦੇ ਆਧਾਰ ਦੇ ਭਰਪੂਰ ਚਾਨਣਾ ਪਾਇਆ। ਨਾਮ-ਅਭਿਆਸ ਕਮਾਈ, ਅਣਡਿੱਠੀ ਦੁਨੀਆਂ, ਚਰਨ ਕਮਲ ਕੀ ਮਉਜ, ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? ਅਨਹਦ ਸ਼ਬਦ ਦਸਮ ਦੁਆਰ, ਗੁਰਮਤਿ ਬਿਬੇਕ ਆਦਿ ਪੁਸਤਕਾਂ, ਪੰਜਾਬੀ ਬੋਲੀ ਅਤੇ ਸਿੱਖ ਲਿਟਰੇਚਰ ਵਿੱਚ ਵਿਸ਼ੇਸ਼ ਅਤੇ ਵਿਲੱਖਣ ਵਾਧਾ ਹਨ।

"ਲੀਹਾਂ ਅੰਦਰਿ ਚਲੀਐ" ਆਪ ਜੀ ਦਾ ਜੀਵਨ-ਉਦੇਸ਼ ਰਿਹਾ। ਆਤਮ-ਵਿਗਾਸ ਦੀ ਉਸ ਅਵਸਥਾ ਦੀ ਪ੍ਰਾਪਤੀ ਦੇ ਬਾਵਜੂਦ ਆਪ ਮਨ ਕਰਕੇ ਸਦਾ ਨਿਰਮਾਣ ਰਹੇ, ਸੰਤ ਨਹੀਂ ਅਖਵਾਇਆ, ਭਾਈ ਸਾਹਿਬ ਬਣੇ ਰਹੇ। ਗੁਰਮਤਿ ਦੇ ਵੱਖ ਵੱਖ ਅਸੂਲਾਂ ਤੇ ਕਰੜਾਈ ਨਾਲ ਪਹਿਰਾ ਦਿੱਤਾ, ਭਾਵੇਂ ਕਰੜੇ ਕਸ਼ਟ ਝੱਲਣੇ ਪਏ।

ਆਪ ਜੀ ਨੇ ਪੰਥ ਨੂੰ ਪ੍ਰਚਲਤ ਕੁਰੀਤੀਆਂ ਤੋਂ ਬਚਾਇਆ। ਜਦੋਂ ਸ਼ਰਾਬ ਕਬਾਬ ਦੇ ਚਸਕਾਲੂ ਇਨ੍ਹਾਂ ਐਬਾਂ ਨੂੰ ਖਾਲਸਾ ਰਹਿਤ ਵਿੱਚ ਵਾੜਨ ਦੀ ਬੇਹੂਦਾ ਚਾਲ ਚਲ ਰਹੇ ਸਨ, ਆਪ ਨੇ ਨਿਰਭੈ ਹੋ ਕੇ ਇਨ੍ਹਾਂ ਦੇ ਕੁਰਹਿਤ ਦਾ ਹਿੱਸਾ ਹੋਣ ਬਾਰੇ ਬੁਲੰਦ ਆਵਾਜ਼ ਉਠਾਈ, ਕਲਮ ਚੁੱਕੀ ਅਤੇ ਪਰਚਾਰ ਕੀਤਾ, ਜਿਸਦੇ ਫਲ-ਸਰੂਪ ਅੱਜ ਪੰਥ ਵਿੱਚ ਮਾਸ ਸੇਵਨ ਵਿਰੁੱਧ ਲਹਿਰ ਉਠ ਖੜ੍ਹੀ ਹੈ।

ਫੈਸ਼ਨ ਨੇ ਜਿੱਥੇ ਬਾਕੀ ਸੰਸਾਰ ਨੂੰ ਪ੍ਰਭਾਵਤ ਕੀਤਾ ਹੈ ਓਥੇ ਸਿੱਖ ਪੰਥ ਵੀ ਇਸ ਦੇ ਪ੍ਰਭਾਵ ਤੋਂ ਨਹੀਂ ਬੱਚ ਸਕਿਆ। ਇਸ ਵਿੱਚ ਸਾਡੇ ਧਾਰਮਿਕ ਆਗੂਆਂ ਤੇ ਵੀ ਜ਼ਿੰਮੇਵਾਰੀ ਆਉਂਦੀ ਹੈ, ਜਿਨ੍ਹਾਂ ਨੇ ਪੁਰਾਤਨ ਅਤੇ ਪ੍ਰਮਾਣੀਕ ਕੇਸਕੀ ਰਹਿਤ ਦਾ ਆਪ ਤਿਆਗ ਕੀਤਾ ਅਤੇ ਇਸ ਨੂੰ ਢਾਹ ਲਾਉਣ ਦੇ ਵੀ ਭਾਗੀ ਬਣੇ। ਭਾਈ ਸਾਹਿਬ ਜੀ ਨੇ

(ਬਾਕੀ ਪੰਨਾ ੩੦ ਤੇ.......)



www.AKJ.Org

# ਮੀਰ ਮੰਨੂੰ

ਹਾਕਮ :– ਤੇਰੇ ਪਿਓ ਦਾ ਕੀ ਨਾਮ ਏ ?
ਸਿੱਖ ਨੌਜਵਾਨ :– ਗੁਰੂ ਗੋਬਿੰਦ ਸਿੰਘ।
ਹਾਕਮ:–ਗੁਰੂ ਗੋਬਿੰਦ ਸਿੰਘ ਤੇਰਾ ਪਿਓ ਕਿਵੇਂ ਹੋ ਸਕਦੈ?
ਸਿੱਖ ਨੌਜਵਾਨ :– ਸਾਰੇ ਸਿੰਘ ਗੁਰੂ ਗੋਬਿੰਦ ਸਿੰਘ ਦੇ ਹੀ ਪੁੱਤਰ ਹਨ।
ਹਾਕਮ :– ਗੁਰੂ ਗੋਬਿੰਦ ਸਿੰਘ ਤੇ ਸਿੱਖਾਂ ਦਾ ਗੁਰੂ ਹੈ, ਤੇਰਾ ਪਿਓ ਕਿਵੇਂ ਹੋਇਆ ?
ਸਿੱਖ ਨੌਜਵਾਨ :– ਉਹ ਸਾਡਾ ਸਭ ਦਾ ਪਿਤਾ ਹੈ ਅਤੇ ਅਸੀਂ ਸਾਰੇ ਉਸ ਦੇ ਪੁੱਤਰ ਹਾਂ।
ਹਾਕਮ :– (ਗੁੱਸੇ ਵਿੱਚ) ਮੈਂ ਤੈਨੂੰ ਪੁੱਛਦਾ ਹਾਂ ਤੇਰੇ ਪਿਓ ਦਾ ਕੀ ਨਾਮ ਹੈ ਤੂੰ ਆਲੇ ਟੌਲੇ ਕਰੀ ਜਾਂਦੈ। ਛੇਤੀ ਦੱਸ ਤੇਰੇ ਪਿਓ ਦਾ ਕੀ ਨਾਮ ਏ ?
ਸਿੱਖ ਨੌਜਵਾਨ :– ਗੁਰੂ ਗੋਬਿੰਦ ਸਿੰਘ।
ਹਾਕਮ :– (ਕੁਰਸੀ ਤੋਂ ਉੱਠ ਕੇ ਨੌਜਵਾਨ ਦੀ ਮਾਰ ਕੁਟਾਈ ਕਰਦਾ ਹੋਇਆ) ਕਹਿ ਆਪਣੇ ਪਿਓ ਨੂੰ ਤੈਨੂੰ ਛੁਡਾ ਲਏ......... (ਗਾਹਲਾਂ ਕੱਢਦਾ ਹੋਇਆ) ਦੱਸ ਤੇਰੇ ਪਿਓ ਦਾ ਕੀ ਨਾਮ ਏ ?
ਸਿੱਖ ਨੌਜਵਾਨ :– ਗੁਰੂ ਗੋਬਿੰਦ ਸਿੰਘ।
ਹਾਕਮ :– (ਕੁੱਟ ਕੁਟਾਪਾ ਕਰਦਾ ਹਾਰ ਹੰਭ ਜਾਂਦਾ ਹੈ। ਸਿਪਾਹੀਆਂ ਨੂੰ ਹੁਕਮ ਦਿੰਦਾ ਹੈ)

ਲਿਆਓ ਦਾਤ ਤੇ ਵੱਢੋ ਇਸ ਦਾ ਹੱਥ ਜਿਸ ਨੂੰ ਉਲਾਰ ਉਲਾਰ ਗੁਰੂ ਗੋਬਿੰਦ ਸਿੰਘ, ਗੁਰੂ ਗੋਬਿੰਦ ਸਿੰਘ ਕਹਿੰਦਾ ਹੈ।

(ਇੱਕ ਸਿਪਾਹੀ ਅੰਦਰੋਂ ਦਾਤ ਲੈ ਕੇ ਆਉਂਦਾ ਹੈ ਅਤੇ ਹਾਕਮ ਤੇ ਇਸ਼ਾਰੇ ਤੇ ਬਾਕੀ ਸਿਪਾਹੀ ਉਸ ਨੂੰ ਜੰਗਲੇ ਨਾਲ ਬੰਨ੍ਹ ਦਿੰਦੇ ਹਨ।) ਹੁਣ ਦੱਸ ਤੇਰਾ ਪਿਓ ਕੌਣ ਹੈ ?
ਸਿੱਖ ਨੌਜਵਾਨ :– ਗੁਰੂ ਗੋਬਿੰਦ ਸਿੰਘ।
ਹਾਕਮ :– ਜੇ ਤੇਰਾ ਪਿਓ ਗੁਰੂ ਗੋਬਿੰਦ ਸਿੰਘ ਹੈ ਤਾਂ ਮੈਂ ਵੀ ਮੀਰ ਮੰਨੂੰ ਹਾਂ।

(ਸਿਪਾਹੀਆਂ ਨੂੰ ਹੁਕਮ ਦਿੰਦਾ ਹੋਇਆ) ਵੱਢ ਦਿਓ ਇਸ ਦਾ ਹੱਥ।

(ਸਿਪਾਹੀ ਨਰੜੇ ਹੋਏ ਸਿੱਖ ਨੌਜਵਾਨ ਦਾ ਹੱਥ ਵੱਢ ਦਿੰਦੇ ਹਨ।)

ਹੁਣ ਦੱਸ ਤੇਰੇ ਪਿਓ ਦਾ ਕੀ ਨਾਮ ਹੈ ?
ਸਿੱਖ ਨੌਜਵਾਨ :– ਗੁਰੂ ਗੋਬਿੰਦ ਸਿੰਘ।
ਹਾਕਮ :– (ਰੋਹ ਭਰਿਆ ਸਿਪਾਹੀਆਂ ਨੂੰ ਹੁਕਮ ਦਿੰਦਾ ਹੋਇਆ) ਵੱਢ ਦਿਓ ਇਸ ਦਾ ਦੂਜਾ ਹੱਥ ਵੀ।

(ਸਿਪਾਹੀ ਹੁਕਮ ਦੀ ਤਾਮੀਲ ਕਰਦੇ ਹੋਏ ਨੌਜਵਾਨ ਦਾ ਦੂਜਾ ਹੱਥ ਵੀ ਵੱਢ ਦਿੰਦੇ ਹਨ।)

ਹੁਣ ਦੱਸ ਤੇਰਾ ਪਿਓ ਕੌਣ ਹੈ ?
ਸਿੱਖ ਨੌਜਵਾਨ :– ਗੁਰੂ ਗੋਬਿੰਦ ਸਿੰਘ।
ਹਾਕਮ :– (ਸਿਪਾਹੀਆਂ ਨੂੰ ਹੁਕਮ ਦਿੰਦਾ ਹੋਇਆ) ਵੱਢ ਦਿਓ ਇਸ ਢੀਠ ਦੀ ਲੱਤ।

(ਸਿਪਾਹੀ ਲੱਤ ਵੱਢ ਦਿੰਦੇ ਹਨ।)

ਹੁਣ ਦੱਸ ਤੇਰੇ ਪਿਓ ਦਾ ਕੀ ਨਾਮ ਹੈ ?
ਸਿੱਖ ਨੌਜਵਾਨ :– ਗੁਰੂ ਗੋਬਿੰਦ ਸਿੰਘ।
ਹਾਕਮ :– (ਗੁੱਸੇ ਵਿੱਚ ਭਰਿਆ ਪੀਤਾ ਸਿਪਾਹੀਆਂ ਨੂੰ ਹੁਕਮ ਕਰਦਾ ਹੋਇਆ) ਵੱਢ ਦਿਓ ਇਸ ਦੀ ਦੂਜੀ ਲੱਤ ਵੀ।

(ਸਿਪਾਹੀ ਜਦੋਂ ਨੌਜਵਾਨ ਦੀ ਦੂਜੀ ਲੱਤ ਤੇ ਦਾਤ ਮਾਰਦਾ ਹੈ ਤਾਂ ਇੱਕ ਦਮ ਕਾਲੀ ਬੋਲੀ ਹਨ੍ਹੇਰੀ ਝੁੱਲ ਪੈਂਦੀ ਹੈ ਅਤੇ ਨੌਜਵਾਨ ਉੱਚੀ ਉੱਚੀ ਬੋਲਣ ਲੱਗ ਪੈਂਦਾ ਹੈ–

ਗੁਰੂ ਗੋਬਿੰਦ ਸਿੰਘ ! ਗੁਰੂ ਗੋਬਿੰਦ ਸਿੰਘ !

----------

**ਕੋਈ ਜ਼ੁਲਮ ਕੋਈ ਸਿਤਮ,**
**ਸਾਨੂੰ ਝੁਕਾ ਸਕਦਾ ਨਹੀਂ,**
**ਸਾਨੂੰ ਮਿਟਾ ਸਕਦਾ ਨਹੀਂ,**
**ਅਜੇ ਤਾਂ ਸਾਡੀਆਂ ਰਗਾਂ ਵਿੱਚ,**
ਕਲਗੀਧਰ ਦਾ ਖ਼ੂਨ ਹੈ। (ਇੱਕ ਅਗੰਮੀ ਆਵਾਜ਼)

*****

(ਪੰਨਾ ੨੯ ਦਾ ਬਾਕੀ.........)
ਪੁਰਾਤਨ ਕੇਸਕੀ ਰਹਿਤ ਨੂੰ ਉਜਾਗਰ ਕਰਕੇ ਪ੍ਰਚਲਤ ਕੀਤਾ। ਕੌਮ ਨੂੰ ਅਜੇ ਵੀ ਇਸ ਦਾ ਅਹਿਸਾਸ ਨਹੀਂ ਜਾਗਿਆ। ਕੇਸਾਂ ਦੀ ਵੱਖ ਵੱਖ ਰੂਪਾਂ ਵਿੱਚ ਬੇਅਦਬੀ ਜ਼ੋਰਾਂ ਤੇ ਹੈ। ਜੇ ਅਜਿਹੀ ਮਾਰੂ ਰਵਸ਼ ਜਾਰੀ ਰਹੀ ਤਾਂ ਆਉਂਦੇ ਕੁੱਝ ਸਾਲਾਂ ਵਿੱਚ ਕੇਸਾਂ ਦਾ ਪਿਆਰ ਸਤਿਕਾਰ ਦਸਤਾਰ-ਧਾਰੀ ਸਿੰਘਾਂ ਸਿੰਘਣੀਆਂ ਤੋਂ ਸਿਵਾ ਕਿਸੇ ਦੇ ਪੱਲੇ ਨਹੀਂ ਹੋਵੇਗਾ। ਸਰਦਾਰੀ ਤਾਂ ਕੇਸਾਂ ਨਾਲ ਹੀ ਹੈ। ਕੇਸ ਨਾ ਰਹੇ ਤਾਂ ਸਰਦਾਰੀ ਤੋਂ ਹੱਥ ਧੋਣੇ ਪੈਣਗੇ।

ਆਪ ਜੀ ਦੀ ਘਾਲ ਕਮਾਈ ਸਦਕਾ, ਆਪ ਜੀ ਨੂੰ ਤਖ਼ਤ ਸਾਹਿਬਾਂ ਵਲੋਂ ਹੁਕਮਨਾਮੇ ਅਤੇ ਸਿਰੋਪਾ ਬ਼ਖਸ਼ਸ਼ ਹੋਏ ਹਨ। ਕਈ ਇਤਿਹਾਸਕ ਗੁਰਧਾਮਾਂ ਦੀ ਨਵ-ਉਸਾਰੀ ਸੰਬੰਧੀ ਆਪ ਜੀ ਨੂੰ ਅਰੰਭਕ ਟੱਕ ਲਾਉਣ ਲਈ ਪੰਜ ਪਿਆਰਿਆਂ ਵਿੱਚ ਸ਼ਾਮਲ ਕੀਤਾ ਗਿਆ। *****


www.AKJ.Org

# Healing through Prayer

Even before I was baptized I had deep faith in the Principles of Sikhism and the holy Word. One of my beliefs was that the divine Name is the panacea of all ills. Prayers and contemplation of the divine Name can heal mental and physical ailments, and this is the best medicine for all types of maladies. There was frequent discussion with father on this topic. Father did not want me to avoid medicines when I fell ill. He did not believe that there is any such thing as healing of physical ailment through prayer or contemplation of the divine Name. He however believed that mental diseases can be cured through prayer. As for physical ailment, he considered ordinary medicines to be absolutely essential. He did not understand the mystery or the power of divine Name nor did he believe in it.

Once it so happened that he fell ill. He was so seriously ill that he had to be taken to Ludhiana hospital. I was attending him in the hospital. There were one or two servants and some relatives and friends to help us. We had acquired a special room in the hospital and the treatment started. I was not in favour of bringing him to the hospital, but my relatives and other friends almost compelled me to bring him here. Any way, I wanted to nurse father and serve him with my own hands, so I also accompanied him. Father was also very anxious that I should accompany him. The treatment went for about a week but he still continued to have fever and there was not the slightest change in his condition. Malaria was raging in the town those days and I had to go the city a number of times. One after another all the relatives suffered from an attack of malaria and had to go home. Within a week I was the only person left to attend father. Some more servants were sent to help me but whoever came, suffered from a severe attack of malaria and had to leave the place. Then I acquired an old servant Khadkoo from my relative Sardar Uttam Singh pleader who was staying at Jullundur. He also fell ill with an attack of malaria and had to go back. I was left all alone to look after father. My father's condition was taking a serious turn. One difficulty I faced was that I could not decide whether to stay near father or to bring things for him from the city. During the day time I had to go many times to the house of Dr. Fateh Chand, Civil Surgeon, who was residing in the city because he came to the hospital for a round only once or twice. Father was under the special treatment of this doctor. No doubt, there was the Assistant Surgeon and other junior doctors incharge of the hospital and there was also the hospital assistant who gave him medicines regularly and kept him under constant vigilance. The Civil Surgeon had asked me to report father's conditions every three hours, so I had to run about all alone in the burning heat of the noon day sun during the month of August. Ultimately I also got fever. For about two or three days I did not care much about it, I was moving about when I had only slight temperature. On the fifth day, my body began to shiver and my temperature rose very high. So I had to confine myself to bed.

The Assistant Surgeon offered me some medicines telling me, in so many words, that my life was in danger and persuaded me to take these regularly. The Civil Surgeon and other prominent doctors of the city also told me that the condition of my father was very serious and he may hardly survive for twenty-four hours. His condition had deterioated and there was no cure for him. All medicines had failed to bring down his fever. So they asked me to take some medicines and get cured so that I may not miss the opportunity to



www.AKJ.Org

look after my father during his last moments. I was the only person left near him. All others had fallen ill and gone back. Now that I was down with fever, I must take medicines and get cured. This would give me an opportunity to serve my father during his last moments, otherwise I might have to repent all my life for missing this opportunity. I had come there with the sole purpose of nursing him and I had looked after him with great devotion and care but if I failed to nurse him during his last moments, all my service would go in vain. 'Persuading me by these strong wor ds they asked me to take medicines. I told them that their medicines had not been able to cure my father even after a treatment of many weeks. Their medicines had not cured any one of those servants and relatives who became victim of malaria fever and had to go home. How could this medicine cure me ? I asked them not to worry about me as I had my own medicines. "Do not annoy me any more," I said, "as I am not going to take any of your medicines". On hearing this plain reply the Assistant Surgeon became very angry. He left two powders on a small table near my bed. He ordered me, in very strong words, to take them immediately. He said he would come back after an hour again. "It would be better", he said, "If you take these powders before I come, otherwise we will throw you and your dying father out of the hospital." His threats did not have the slightest effect on me. I gathered strength and went near father who was on the other side of the room at a distance of ten yards. He was lying unconscious. His pulse was very slow and about to fail. His hands and feet were very cold. His nose was slightly twisted. There was a rattling sound in his throat. He could neither hear nor see for the last two days. For about three days he was unable to pass urine although the catheter was passed and some injections were given. The previous evening the Civil Surgeon and other doctors had declared his condition very serious. His urine had now become poisoned and infected the whole body. There was no hope of his survival. The doctor had advised that early next morning I should send a telegram to my village home, but as I was seriously ill and confined to bed I could neither send a telegram nor any message.

A voice said within me that the divine Name is the panacea of all ills. This gave me a little hope. My faith was awakened. When I was now disappointed from every side, I concentrated deeply on this inner voice which was my only hope. I wrapped myself in a blanket and in a state of mental concentration I silently said my invocation prayer (ardasa) and then recited the Japji (to me at the time when I was unbaptised, the Japji was the only Divine Name). The spiritual mystery of the divine name had not been revealed to me. I silently recited the Japji. By now I was an adept in silent meditation and recitation. I recited the Japji five times. Then my mind was concentrated on the verses of Spiritual Communion manai (Verse No. 12 to 15). I continued to repeat these verses and could not go beyond them. My body was sweating. My fever had come down to normal and I was feeling light and healthy. I wiped off the sweat and went near father to see his condition. I thought, he must be dead now. When I went near him, I was delighted to see that he had passed urine and his pulse was better. He was also breathing clearly. His body was also sweating, although he did not have even a cotton sheet over his body. I was extremely happy to see him recovering. When I called him, he opened his eyes and spoke as if he had come out of his samadhi (deep concentration). He said (in Urdu) "Son somebody is reciting the communion verses manai ke pauri of Japji. I feel deeply elevated in spiritual bliss." After saying these words he



www.AKJ.Org

became silent again. I was astonished to hear this. I thanked God from depth of my heart for saving father. As I was sitting near my father the Assistant Surgeon came and finding my normal again said : "Well done, you are a good boy. So atlast you took the medicine. That is why your fever is gone". I told him that his powders were lying where he left them and he could take them back. He was surprised and annoyed to find that the powders were still there. He felt my pulse and asked me in astonishment, "How did your fever go "? I asked him to see the condition of my father also. When he looked at father and found him quite well, he was dumbfounded. He stood there like a statue and asked my father, "What is this miracle that has suddenly cured you"? My father said, "It is the miracle of the communion verses of Japji (manai ki pauri)." He then closed his eyes and remained silent. The doctor again questioned him but my father said, "Do not disturb my mind which is deeply absorbed in the music of the communion verses. The music of the cummunion verses manai ki pauri is still ringing in my ears.

I then said to the doctor, " The divine Name is the panacea of all ills. This is a miracle and a great wonder of wonders. You all gave up father as dead and his disease as incurrable. Contrary to it the great God has worked a wonderful miracle." The doctor went out from the hospital and riding a bicycle he immediately went to the Civil Surgeon and told him boastingly that by some special treatment he had cured my father. The Civil Surgeon was also surprised as to how a patient who could not pass urine for three or four days and had a temperature of about 106 degree could be cured. The Assistant Surgeon boasted that he had cured him. They came there discussing the case, while my father was still deeply absorbed in the music of the communion verses and I stood in a thanks giving prayer before my God. Within another two or three days my father was absolutely normal and he was brought home. From that day onward, I had a profound and deep faith in the spiritual healing through prayer and divine Name. My faith in the high principles of Sikhism became deeper and sublimer after this incident. No one now prevented me from taking religious life seriously.

(Autobiography of Bhai Sahib Randhir Singh)

# ਆਪਣਾ ਚਿਟ ਨੰਬਰ ਲਿਖਣਾ ਨਾ ਭੁੱਲੋ ਜੀ

ਜੇ ਤੁਸੀਂ .........

1. ਆਪਣਾ ਪਤਾ (Address) ਬਦਲ ਲਿਆ ਹੈ,
2. ਅਗਲੇ ਸਾਲ ਦਾ ਚੰਦਾ ਭੇਜਣਾ ਹੈ,
3. ਪਰਚਾ ਨਾ ਮਿਲਣ ਦੀ ਜਾਂ 'ਸੂਰਾ' ਸੰਬੰਧੀ ਕੋਈ ਹੋਰ ਸ਼ਿਕਾਇਤ ਕਰਨੀ ਹੈ ਤਾਂ ਆਪਣਾ ਚਿਟ ਨੰਬਰ ਦਾ ਹਵਾਲਾ ਦੇ ਕੇ ਅਤੇ ਪੂਰਾ ਪਤਾ ਲਿਖ ਕੇ ਚਿੱਠੀ/ਸ਼ਿਕਾਇਤ ਭੇਜੋ ਜੀ।

ਆਪ ਦਾ ਚਿਟ ਨੰਬਰ ਰਸਾਲੇ ਦੇ ਰੈਪਰ ਉੱਤੇ ਪਤੇ ਦੇ ਉਤਾਂਹ ਕਰ ਕੇ ਲਿਖਿਆ ਹੋਇਆ ਹੁੰਦਾ ਹੈ। ਚਿਟ ਨੰਬਰ ਅਤੇ ਪੂਰੇ ਪਤੇ ਤੋਂ ਬਿਨਾਂ ਕਾਰਵਾਈ ਕਰਨੀ ਸਾਡੇ ਲਈ ਔਖੀ ਹੋ ਜਾਂਦੀ ਹੈ। —ਸੰਪਾਦਕ।



www.AKJ.Org

# ਮਸੰਦ-ਪ੍ਰਥਾ

(ਡਾ: ਕੁਲਦੀਪ ਸਿੰਘ ਹਉਰਾ)

ਗੁਰੂ ਨਾਨਕ ਦੇਵ ਸਾਹਿਬ ਨੇ ਉੱਤਰ, ਦੱਖਣ, ਪੂਰਬ ਅਤੇ ਪੱਛਮ, ਸਭ ਦਿਸ਼ਾਵਾਂ ਵੱਲ ਲੰਮੇ ਤੇ ਕਠਿਨ ਸਫਰ ਕੀਤੇ। ਹਿੰਦੂ, ਮੁਸਲਮਾਨ, ਜੈਨੀਆਂ, ਬੋਧੀਆਂ ਦੇ ਧਰਮ ਸਥਾਨਾਂ ਤੱਕ ਗਏ, ਜੋਗੀਆਂ ਨੂੰ ਮਿਲੇ। ਉਨ੍ਹਾਂ ਦੇ ਇਨ੍ਹਾਂ ਸਫਰਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦਾ ਮੰਤਵ ਵੱਧ ਤੋਂ ਵੱਧ ਲੋਕਾਂ ਨੂੰ ਮਿਲਣਾ ਤੇ ਆਪਣਾ ਸੁਨੇਹਾ ਪੁਚਾਉਣਾ ਸੀ। ਗੁਰੂ ਸਾਹਿਬ ਜਿੱਥੇ ਵੀ ਜਾਂਦੇ, ਅਜਿਹੇ ਸਮਾਜ ਦੀ ਉਸਾਰੀ ਦੀ ਪ੍ਰੇਰਨਾ ਕਰਦੇ, ਜੋ ਆਤਮਿਕ, ਸਮਾਜਿਕ ਅਤੇ ਆਰਥਕ ਤੌਰ ਤੇ ਨਰੋਆ ਹੋਵੇ। ਉਨ੍ਹਾਂ ਨੂੰ ਹਿੰਦੂਆਂ ਮੁਸਲਮਾਨਾਂ ਦੇ ਆਪਸੀ ਮਤ ਭੇਦ, ਪਖੰਡ ਭਰਪੂਰ ਚੌਧਰਤਾ ਤੇ ਇਸਤਰੀ ਜਾਤੀ ਦੀ ਨਿਰਾਦਰੀ ਉੱਕਾ ਹੀ ਪੰਸਦ ਨਹੀਂ ਸੀ। ਗੁਰੂ ਨਾਨਕ ਸਾਹਿਬ ਆਪਣੇ ਪ੍ਰਚਾਰ ਦੌਰਿਆਂ ਵਿਚ ਪਰਮਾਤਮਾ ਦੀ ਏਕਤਾ, ਉਸ ਦੀ ਪ੍ਰਾਪਤੀ ਦੇ ਸਾਧਨ ਤੇ ਸਮਾਜ ਨਾਲ ਸੰਬੰਧ ਰੱਖਣ ਵਾਲੇ ਉਪਦੇਸ਼ ਦਿਆ ਕਰਦੇ ਸਨ।

ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਸਮੇਂ ਕਈ ਥਾਵਾਂ ਤੇ ਸੰਗਤਾਂ ਜਾਂ ਮੰਜੀਆਂ ਸਥਾਪਤ ਕਰ ਚੁੱਕੇ ਸਨ। ਸਭ ਤੋਂ ਪਹਿਲੀ ਮੰਜੀ ਉਨ੍ਹਾਂ ਨੇ ਸੈਦਪੁਰ (ਏਮਨਾਬਾਦ) ਵਿੱਚ ਕਾਇਮ ਕੀਤੀ ਤੇ ਭਾਈ ਲਾਲੋ ਨੂੰ ਉਸ ਦਾ ਮੁੱਖੀ ਮੁਕੱਰਰ ਕੀਤਾ। ਇਸ ਤੋਂ ਪਿਛੋਂ ਉਨ੍ਹਾਂ ਨੇ ਢਾਕੇ ਅਤੇ ਕਈ ਹੋਰ ਥਾਵਾਂ ਤੇ ਧਾਰਮਿਕ ਕੇਂਦਰ ਕਾਇਮ ਕੀਤੇ।

ਗੁਰੂ ਅਮਰਦਾਸ ਜੀ ਦੇ ਗੱਦੀ ਉਤੇ ਬੈਠਣ ਸਮੇਂ ਸਿੱਖਾਂ ਦੀ ਗਿਣਤੀ ਕਾਫੀ ਵੱਧ ਚੁੱਕੀ ਸੀ। ਇਸ ਲਈ ਸਭ ਸਿੱਖਾਂ ਨੂੰ ਜ਼ਾਤੀ ਤੌਰ ਤੇ ਹੁਕਮ ਤੇ ਉਪਦੇਸ਼ ਦੇਣੇ ਮੁਸ਼ਕਲ ਹੋ ਗਏ ਸਨ, ਇਸ ਲਈ ਗੁਰੂ ਸਾਹਿਬ ਨੇ ਕਿਸੇ ਹੋਰ ਸਾਧਨ ਦੀ ਲੋੜ ਮਹਿਸੂਸ ਕੀਤੀ। ਉਨ੍ਹਾਂ ਸਿੱਖੀ ਦੇ ਆਤਮਿਕ ਮੰਡਲ ਨੂੰ 22 ਭਾਗਾਂ ਵਿੱਚ ਵੰਡ ਕੇ ਅੱਡ ਅੱਡ ਭਾਗਾਂ ਲਈ, ਅੱਡ ਅੱਡ ਪ੍ਰਚਾਰਕ ਨਿਯੁਕਤ ਕਰ ਦਿੱਤੇ। ਇਨ੍ਹਾਂ ਭਾਗਾਂ ਨੂੰ "ਮੰਜੀਆਂ" ਕਿਹਾ ਜਾਂਦਾ ਸੀ। ਹਰ ਇੱਕ ਮੰਜੀ ਇੱਕ ਸਿਆਣੇ, ਸੂਝਵਾਨ ਤੇ ਸ਼ਰਧਾਵਾਨ ਸਿੱਖ ਦੇ ਸਪੁਰਦ ਸੀ। ਜਿਸ ਦਾ ਕੰਮ ਆਪਣੇ ਇਲਾਕੇ ਵਿੱਚ ਸਿੱਖੀ ਪ੍ਰਚਾਰ ਕਰਨਾ, ਗੁਰੂ ਸਾਹਿਬ ਦੇ ਆਦੇਸ਼ਾਂ, ਵਿਚਾਰਾਂ ਤੇ ਕੰਮਾਂ ਬਾਰੇ ਸਿੱਖਾਂ ਨੂੰ ਜਾਣਕਾਰੀ ਦੇਣਾ ਹੁੰਦਾ ਸੀ। ਇਸ ਤੋਂ ਛੁੱਟ ਉਹ ਸਿੱਖਾਂ ਕੋਲੋਂ ਭੇਟਾ ਉਗਰਾਹ ਕੇ ਗੁਰੂ ਜੀ ਕੋਲ ਭੇਜਦਾ ਸੀ। ਭਾਈ ਕਾਨ੍ਹ ਸਿੰਘ ਜੀ ਨਾਭਾ ਕਰਤਾ "ਮਹਾਨ ਕੋਸ਼" ਅਨੁਸਾਰ 22 ਮੰਜੀਆਂ ਦੇ ਅਧਿਕਾਰੀਆਂ ਦੇ ਨਾਂ ਹੇਠ ਲਿਖੇ ਅਨੁਸਾਰ ਸਨ :-

ਅੱਲਾ ਯਾਰ, ਸੱਚਨ ਸੱਚ, ਸਾਧਾਰਣ, ਸਾਵਣ ਮੱਲ, ਸੁਖਣ, ਹੰਦਾਲ, ਕੇਦਾਰੀ, ਖੇਡਾ, ਮੰਗੂ ਸ਼ਾਹ, ਦਰਬਾਰੀ, ਪਾਰੋ, ਫੇਰਾ, ਬੂਆ, ਬੇਣੀ, ਮਹੇਸ਼ਾ, ਮਾਈ ਦਾਸ, ਮਾਣਕ ਚੰਦ, ਮੁਰਾਰੀ, ਰਾਜਾ ਰਾਮ, ਰੰਗ ਸ਼ਾਹ, ਰੰਗ ਦਾਸ ਤੇ ਲਾਲੋ।

ਇਸਤਰੀ ਜਾਤੀ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ 'ਪੀਹੜੀਆ' ਕਾਇਮ ਕੀਤੀਆਂ ਗਈਆਂ। ਇਸਤਰੀਆਂ ਵਿੱਚੋਂ ਬੀਬੀ ਭਾਨੀ, ਬੀਬੀ ਦਾਨੀ ਅਤੇ ਬੀਬੀ ਪਾਲ ਦੇ ਨਾਂ ਵਰਨਣ ਯੋਗ ਹਨ।

ਡਾ: ਗੋਕਲ ਚੰਦ ਨਾਰੰਗ ਅਨੁਸਾਰ - *"ਮੰਜੀਆਂ ਸਥਾਪਤ ਕਰਨ ਦੇ ਉੱਦਮ ਨੇ ਸਿੱਖ ਧਰਮ ਦੇ ਮੰਦਰ ਦੀਆਂ ਨੀਹਾਂ ਬਹੁਤ ਪੱਕੀਆਂ ਕਰ ਦਿੱਤੀਆਂ ਅਤੇ ਸਾਰੇ ਦੇਸ਼ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਲਈ ਇਸ ਨੇ ਬਹੁਤ ਸਹਾਇਤਾ ਕੀਤੀ।"*

ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ- *"ਮੰਜੀਆਂ ਸਥਾਪਤ ਕਰਨ ਨਾਲ ਗੁਰੂ ਸਾਹਿਬ ਨੇ ਸਿੱਖਾਂ ਨੂੰ ਇੱਕ ਵੱਖਰੀ ਸੰਸਥਾ ਦੇਣ ਦਾ ਕਦਮ ਚੁੱਕਿਆ। ਨਿਰਸੰਦੇਹ ਉਨ੍ਹਾਂ ਦੀ ਆਪਣੀ ਪ੍ਰਭਾਵਸ਼ਾਲੀ ਸਖਸ਼ੀਅਤ ਇਸ ਜਥੇਬੰਦੀ ਨੂੰ ਜੋੜਨ ਦਾ ਕੰਮ ਕਰਦੀ ਸੀ। ਪਰੰਤੂ ਉਨ੍ਹਾਂ ਨੇ ਇਸ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਸਿੱਖਾਂ ਨੂੰ ਤੀਰਥ ਯਾਤਰਾ ਦਾ ਕੇਂਦਰੀ ਅਸਥਾਨ (ਗੋਇੰਦਵਾਲ) ਵੀ ਦਿੱਤਾ।"*

ਗੁਰੂ ਰਾਮਦਾਸ ਜੀ ਨੇ ਗੱਦੀ ਤੇ ਬੈਠਦਿਆਂ ਮੀਹਸੂਸ ਕੀਤਾ ਕਿ ਧਰਮ ਪਰਚਾਰ ਦੇ ਨਾਲ ਨਾਲ ਸਰੋਵਰਾਂ ਤੇ ਇਮਾਰਤਾਂ ਦੇ ਕੰਮ ਕਾਰਜਾਂ ਲਈ ਮਾਇਆ ਦੀ ਕਾਫੀ ਲੋੜ ਹੈ। ਸੋ ਉਨ੍ਹਾਂ ਨੇ ਮਸੰਦ ਪ੍ਰਥਾ ਨੂੰ ਤੋਰਿਆ। ਮਸੰਦ ਮੁਕੱਰਰ ਕੀਤੇ ਗਏ ਜੋ ਸਿੱਖਾਂ ਵਿਚ ਧਰਮ ਪ੍ਰਚਾਰ ਕਰਦੇ ਤੇ ਕਾਰ-ਭੇਟਾ ਇਕੱਠੀ ਕਰਕੇ ਗੁਰੂ ਸਹਿਬ ਕੋਲ ਭੇਜਦੇ। 'ਮਸੰਦ' ਸ਼ਬਦ ਫਾਰਸੀ ਮਸਨਦ ਦਾ ਵਿਗੜਿਆ ਹੋਇਆ ਤੇ ਬੋਲ-ਚਾਲ ਦਾ ਰੂਪ ਹੈ। ਮੁਗਲਾਂ ਦੇ ਸਮੇਂ ਅਫਸਰਾਂ ਨੂੰ ਮਸਨਦ ਨਸ਼ੀਨ



www.AKJ.Org

ਜਾਂ ਮਸੰਦ ਕਿਹਾ ਜਾਂਦਾ ਸੀ। ਜਿਸ ਦਾ ਭਾਵ ਹੁੰਦਾ ਸੀ, 'ਉਚੇ ਦਰਜੇ ਵਾਲਾ'। ਹੌਲੀ ਹੌਲੀ ਗੁਰੂ ਰਾਮਦਾਸ ਜੀ ਦੇ ਪਰਚਾਰ ਤੇ ਕਾਰ-ਭੇਟ ਇਕੱਠੀ ਕਰਨ ਵਾਲੇ ਸਿੱਖਾਂ ਨੂੰ 'ਮਸੰਦ' ਕਹਿਣਾ ਸ਼ੁਰੂ ਕਰ ਦਿੱਤਾ।

ਮੈਕਾਲਿਫ ਤਾਂ ਇਸ ਪ੍ਰਥਾ ਨੂੰ ਜਥੇਬੰਦ ਕਰਨ ਬਾਰੇ ਗੁਰੂ ਰਾਮਦਾਸ ਜੀ ਦਾ ਨਾਮ ਲਿਖਦਾ ਹੈ, ਪਰ ਮੁਹਸਨ ਫਾਨੀ ਤੇ ਕਈ ਹੋਰ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਮਸੰਦ ਪ੍ਰਥਾ ਨੂੰ ਸ਼ੁਰੂ ਕਰਨ ਵਾਲੇ ਗੁਰੂ ਰਾਮਦਾਸ ਜੀ ਨਹੀਂ ਸਗੋਂ ਗੁਰੂ ਅਰਜਨ ਦੇਵ ਜੀ ਸਨ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ 'ਮੰਜੀ ਸੰਸਥਾ' ਦੇ ਹੁੰਦਿਆ 'ਮਸੰਦ ਪ੍ਰਥਾ' ਦੀ ਲੋੜ ਕਿਉਂ ਪਈ ?

ਇਤਿਹਾਸਕ ਨਿਰੀਖਣ ਤੋਂ ਪਤਾ ਲਗਦਾ ਹੈ ਕਿ ਮੰਜੀਆਂ ਬਰਾਬਰ ਕਾਇਮ ਸਨ ਤੇ ਮੁਖੀ ਕੰਮ ਵੀ ਕਰ ਰਹੇ ਸਨ, ਪਰੰਤੂ ਸਿੱਖ ਧਰਮ ਦੇ ਵਧੇਰੇ ਫੈਲ ਜਾਣ ਕਰਕੇ ਮੰਜੀਆਂ ਦੇ ਮੁੱਖੀ ਸਾਰਿਆਂ ਇਲਾਕਿਆਂ ਵਿੱਚ ਪਰਚਾਰ ਨਹੀਂ ਸਨ ਕਰ ਸਕਦੇ ਤੇ ਨਾ ਹੀ ਉਨ੍ਹਾਂ ਨੂੰ ਗੁਰੂ ਜੀ ਕੋਲ ਆ ਕੇ ਨਵੀਆਂ ਹਦਾਇਤਾਂ ਤੇ ਆਦੇਸ਼ ਪ੍ਰਾਪਤ ਕਰਨ ਦਾ ਸਮਾਂ ਹੀ ਹੁੰਦਾ ਸੀ। ਇਸ ਔਕੜ ਨੂੰ ਮਹਿਸੂਸ ਕਰਕੇ ਗੁਰੂ ਰਾਮਦਾਸ ਜੀ ਨੇ 'ਮਸੰਦ ਪ੍ਰਥਾ' ਸਥਾਪਤ ਕੀਤੀ। ਮਸੰਦ ਦਾ ਕੰਮ ਜਿੱਥੇ ਪਰਚਾਰ ਕਰਨਾ ਤੇ ਕਾਰ-ਭੇਟਾ ਇਕੱਠੀ ਕਰਨਾ ਸੀ ਉਥੇ ਉਹ ਮੰਜੀਆਂ ਦੇ ਮੁਖੀਆਂ ਕੋਲੋਂ ਇਕੱਠੀ ਹੋਈ ਮਾਇਆਂ ਨੂੰ ਗੁਰੂ ਜੀ ਕੋਲ ਭੇਜਦਾ ਤੇ ਗੁਰੂ ਜੀ ਤੋਂ ਨਵੇਂ ਆਦੇਸ਼ ਪ੍ਰਾਪਤ ਕਰਨ ਦਾ ਕੰਮ ਵੀ ਕਰਦਾ ਸੀ।

ਇਸ ਸੰਸਥਾ ਨੇ ਸਿੱਖ ਧਰਮ ਦੇ ਵਿਕਾਸ ਵਿਚ ਬੜਾ ਮੱਹਤਵ-ਪੂਰਨ ਹਿੱਸਾ ਪਾਇਆ। ਇਸ ਸੰਸਥਾ ਦੇ ਕਾਇਮ ਹੋਣ ਨਾਲ ਸਿੱਖ ਇੱਕ ਲੜੀ ਵਿਚ ਪਰੋਏ ਗਏ ਅਤੇ ਉਹ ਅਨੁਸ਼ਾਸ਼ਨ ਵਿੱਚ ਰਹਿਣ ਦੇ ਆਦੀ ਹੋ ਗਏ। ਇਸ ਤਰ੍ਹਾਂ ਨਾਲ ਭਾਵਆਤਮਕ ਏਕਤਾ ਵੀ ਵੱਧ ਗਈ ਜਿਸ ਦਾ ਸਿੱਟਾ ਅੱਗੇ ਚਲ ਕੇ ਇਹ ਹੋਇਆ ਕਿ ਉਹ ਇਸ ਯੋਗ ਹੋ ਗਏ ਕਿ ਮੌਕਾ ਪੈਣ ਤੇ ਰਾਜਸੀ ਪੱਖੋਂ ਸ਼ਕਤੀ ਸੰਭਾਲ ਸਕਣ। ਦੂਸਰਾ ਵੱਡਾ ਲਾਭ ਇਸ ਸੰਸਥਾ ਨੂੰ ਕਾਇਮ ਕਰਨ ਦਾ ਇਹ ਹੋਇਆ ਕਿ ਮਸੰਦ ਲੋਕ ਸਮੇਂ ਸਿਰ ਇਕੱਠੀ ਕੀਤੀ ਹੋਈ ਕਾਰ-ਭੇਟਾ ਦੀ ਰਕਮ ਗੁਰੂ ਸਾਹਿਬ ਕੋਲ ਭੇਜ ਦੇਂਦੇ ਸਨ ਤੇ ਇਸ ਤਰ੍ਹਾਂ ਨਾਲ ਅੰਮ੍ਰਿਤਸਰ ਤੇ ਸੰਤੋਖਸਰ ਦੀ ਉਸਾਰੀ ਠੀਕ ਢੰਗ ਨਾਲ ਹੁੰਦੀ ਗਈ। ਗੁਰੂ ਸਾਹਿਬ ਇਹ ਜਾਣਦੇ ਸਨ ਕਿ ਮੰਜੀ ਪ੍ਰਥਾ ਜਾਂ ਮਸੰਦ ਸੰਸਥਾ ਓਦੋਂ ਤੱਕ ਹੀ ਠੀਕ ਢੰਗ ਨਾਲ ਕੰਮ ਕਰ ਸਕਦੀਆਂ ਹਨ ਜਦੋਂ ਤੱਕ ਇਨ੍ਹਾਂ ਦੇ ਆਗੂ ਸ਼ਰਧਾ ਤੇ ਪਵਿੱਤਰਤਾ ਨੂੰ ਕਾਇਮ ਰੱਖ ਕੇ ਨਿਸ਼ਕਾਮ ਸੇਵਾ ਕਰਨਗੇ। ਜੇ ਇਨ੍ਹਾਂ ਸੰਸਥਾਵਾਂ ਵਿੱਚ ਸੁਆਰਥੀ, ਮੌਕਾ-ਪ੍ਰਸਤ ਤੇ ਚਾਲਬਾਜ਼ ਵਿਅਕਤੀ ਸ਼ਾਮਲ ਹੋ ਗਏ ਤਾਂ ਸਮੁੱਚੀ ਸਿੱਖ ਜਥੇਬੰਦੀ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ।

ਗੁਰੂ ਰਾਮਦਾਸ ਜੀ ਰਚਿਤ, 'ਗਉੜੀ ਦੀ ਵਾਰ' ਵਿੱਚ ਉਨ੍ਹਾਂ ਨੇ ਆਪਣੇ ਇਸ ਦ੍ਰਿਸ਼ਟੀ ਕੋਣ ਦੀ ਵਿਆਖਿਆ ਕੀਤੀ ਹੈ।

ਅਜੇ ਮਸੰਦ ਪ੍ਰਥਾ ਸੰਪੂਰਨ ਰੂਪ ਵਿਚ ਵਿਕਸਤ ਨਹੀਂ ਸੀ ਹੋਈ ਕਿ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ ਤੇ ਗੁਰੂ ਅਰਜਨ ਦੇਵ ਜੀ ਗੱਦੀ ਤੇ ਬੈਠੇ। ਉਨ੍ਹਾਂ ਨੇ ਮਸੰਦ ਪ੍ਰਥਾ ਵਲ ਵਿਸ਼ੇਸ਼ ਧਿਆਨ ਦਿੱਤਾ।

ਮੁਹਸਨਫਾਨੀ ਦੇ ਲਿਖਣ ਅਨੁਸਾਰ ਗੁਰੂ ਅਰਜਨ ਸਾਹਿਬ ਦੇ ਸਮੇਂ ਕੋਈ ਅਜਿਹੀ ਥਾਂ ਨਹੀਂ ਸੀ ਜਿਥੇ ਸਿੱਖ ਨਹੀਂ ਸਨ ਵੱਸਦੇ। ਇਸੇ ਗੱਲ ਦੀ ਗਵਾਹੀ ਭਾਈ ਗੁਰਦਾਸ ਜੀ ਨੇ ਆਪਣੀ ਗਿਆਰ੍ਹਵੀਂ ਵਾਰ ਵਿੱਚ ਦਿੱਤੀ ਹੈ। ਜਿਥੇ ਉਹ ਮਸੰਦ ਸਿੱਖਾਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ-

ਦੀਪੇਕੁ ਦੀਪ ਕਾਸਰਾ
ਗੁਰੂ ਦੁਆਰੇ ਹੁਕਮੀ ਬੰਦਾ।
ਪਟੀ ਅੰਦਰਿ ਚਉਧਰੀ
ਢਿਲੋਂ ਲਾਲ ਲੰਗਾਹੁ ਸੁਹੰਦਾ।
ਅਜਬੁ ਅਜਾਇਬ ਸੰਡਿਆ
ਉਮਰ ਸਾਹੁ ਗੁਰ ਸੇਵ ਕਰੰਦਾ।
ਪੈੜਾ ਛਜਲੁ ਜਾਣੀਐ
ਕੰਦੂ ਸੰਘਰੁ ਮਿਲੈ ਹਸੰਦਾ।
ਪੁਤੁ ਸਪੁਤੁ ਕਪੂਰਿ ਦੇਉ
ਸਿਖੇ ਮਿਲਿਆਂ ਮਨਿ ਵਿਗਸੰਦਾ।
ਸੰਮਣੁ ਹੈ ਸਾਹਬਾਜ ਪੁਰਿ
ਗੁਰਸਿਖਾਂ ਦੀ ਸਾਰ ਲਹੰਦਾ।
ਜੋਧਾ ਜਲੋ ਤੁਲਸ ਪੁਰਿ
ਮੋਹਣ ਆਲ ਗੰਜਿ ਰਹੰਦਾ।
ਗੁਰਮੁਖਿ ਵਡਿਆ ਵਡੇ ਮਸੰਦਾ।। ੨੨।।

ਗੁਰੂ ਅਰਜਨ ਦੇਵ ਜੀ ਦੇ ਸਮੇਂ ਮਸੰਦ ਉੱਚੇ ਆਚਰਨ ਤੋਂ ਡਿੱਗ ਗਏ ਤੇ ਲਾਲਚ ਵਿੱਚ ਆ ਕੇ ਉਨ੍ਹਾਂ



www.AKJ.Org

ਪ੍ਰਿਥੀ ਚੰਦ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਨਾਲ ਜੋ ਕੁੱਝ ਉਹ ਭੇਟਾ ਵਜੋਂ ਇਕੱਠਾ ਕਰਕੇ ਲਿਆਉਂਦੇ, ਉਹ ਗੁਰੂ ਸਾਹਿਬ ਤੱਕ ਪਹੁੰਚਣ ਦੀ ਬਜਾਏ ਉਹ ਪ੍ਰਿਥੀ ਚੰਦ ਨੂੰ ਪਹੁੰਚਾ ਦੇਂਦੇ ਤੇ ਕਈ ਵਾਰੀ ਉਸ ਦਾ ਬਹੁਤਾ ਹਿੱਸਾ ਆਪ ਹੀ ਹੜੱਪ ਕਰ ਜਾਂਦੇ। ਅਜਿਹੇ ਹਾਲਾਤ ਵਿਚ ਗੁਰੂ ਅਰਜਨ ਸਾਹਿਬ ਨੇ ਮਹਿਸੂਸ ਕੀਤਾ ਕਿ ਇਸ ਜਥੇਬੰਦੀ ਦੀ ਕੋਈ ਪੱਕੀ ਰੂਪ ਰੇਖਾ ਬਣਾਈ ਜਾਵੇ ਜਿਸ ਨਾਲ ਦੂਰ ਦੁਰਾਡੇ ਦੇ ਸਿੱਖ ਵੀ ਕੇਂਦਰ ਨਾਲ ਜੁੜੇ ਰਹਿਣ ਤੇ ਲੋੜੀਂਦੀ ਮਾਇਆ ਵੀ ਇਕੱਠੀ ਕੀਤੀ ਜਾ ਸਕੇ ਜਿਸ ਨਾਲ ਧਰਮ ਦਾ ਪ੍ਰਚਾਰ ਹੋ ਸਕੇ।

ਇਸ ਗੱਲ ਨੂੰ ਮੁੱਖ ਰੱਖ ਕੇ ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਣਾਲੀ ਦੀ ਰੂਪ ਰੇਖਾ ਹੇਠ ਲਿਖੇ ਢੰਗ ਅਨੁਸਾਰ ਤਿਆਰ ਕੀਤੀ :-

1. ਸਿੱਖਾਂ ਨੂੰ ਆਦੇਸ਼ ਦਿੱਤਾ ਗਿਆ ਕਿ ਉਹ ਘੱਟੋ ਘੱਟ ਆਪਣੀ ਆਮਦਨ ਦਾ ਦਸਵਾਂ ਹਿੱਸਾ (ਭਾਵ ਦਸਵੰਧ) ਗੁਰੂ ਜੀ ਦੀ ਗੋਲਕ ਵਿਚ ਜਮ੍ਹਾਂ ਕਰਵਾਉਣ। ਇਹ ਦਸਵੰਧ ਸਿੱਖ ਧਰਮ ਦੇ ਪ੍ਰਚਾਰ ਤੇ ਉੱਨਤੀ ਉੱਤੇ ਖਰਚ ਕੀਤਾ ਜਾਂਦਾ ਹੈ। ਜੋ ਸਿੱਖ ਦਸਵੰਧ ਦੀ ਰਕਮ ਸਿੱਧੀ ਗੁਰੂ ਜੀ ਪਾਸ ਜਮ੍ਹਾਂ ਨਹੀਂ ਸਨ ਕਰਵਾ ਸਕਦੇ, ਉਨ੍ਹਾਂ ਨੂੰ ਇਹ ਮਸੰਦਾਂ ਕੋਲ ਜਮ੍ਹਾਂ ਕਰਵਾਉਣ ਦੀ ਹਦਾਇਤ ਦਿੱਤੀ ਗਈ।

2. ਮਸੰਦਾਂ ਨੂੰ ਇਹ ਹੁਕਮ ਸੀ ਕਿ ਉਹ ਇਸ ਦਾਨ ਦੀ ਰਕਮ ਵਿੱਚੋਂ ਆਪਣੇ ਲਈ ਕੁਝ ਵੀ ਖਰਚ ਨਾ ਕਰਨ। (ਇੱਥੇ ਇਹ ਗੱਲ ਸਪੱਸ਼ਟ ਕਰ ਦਿੱਤੀ ਜਾਂਦੀ ਹੈ ਕਿ ਦਸਵੰਧ ਕੋਈ ਟੈਕਸ ਨਹੀਂ ਸੀ, ਜਿਸ ਤਰ੍ਹਾਂ ਕੇ ਕਨਿੰਘਮ ਤੇ ਬੈਨਰਜੀ ਨੇ ਲਿਖਿਆ ਹੈ, ਸਗੋਂ ਇਹ ਇੱਕ ਪ੍ਰਕਾਰ ਦਾ ਮਨਮਰਜ਼ੀ ਨਾਲ ਦਿੱਤਾ ਗਿਆ ਦਾਨ ਸੀ, ਜਿਵੇਂ ਕਿ ਮੁਹਸਨ ਫਾਨੀ ਨੇ ਲਿਖਿਆ ਹੈ।)

3. ਇਸ ਸੰਸਥਾ ਅਨੁਸਾਰ ਮਸੰਦਾਂ ਨੂੰ ਗੁਰੂ ਸਾਹਿਬ ਦਾ ਨਾਇਬ ਮੰਨਿਆ ਜਾਂਦਾ ਸੀ ਤੇ ਉਨ੍ਹਾਂ ਦਾ ਦਰਜਾ ਬਹੁਤ ਉੱਚਾ ਹੁੰਦਾ ਸੀ। ਉਹ ਆਪਣੇ ਇਲਾਕੇ ਵਿਚੋਂ ਦਸਵੰਧ ਦੀ ਰਕਮ ਇਕੱਠੀ ਕਰਕੇ ਗੁਰੂ ਜੀ ਕੋਲ ਜਮ੍ਹਾਂ ਕਰਵਾਉਣ ਲਈ ਜ਼ਿੰਮੇਵਾਰ ਹੁੰਦੇ ਸਨ। ਹਰ ਸਾਲ ਵਿਸਾਖੀ ਵਾਲੇ ਦਿਨ ਸਾਰੀ ਇਕੱਠੀ ਕੀਤੀ ਹੋਈ ਰਕਮ, ਮਸੰਦ ਅੰਮ੍ਰਿਤਸਰ ਆਉਂਦੇ ਸਨ ਤੇ ਗੁਰੂ ਜੀ ਪਾਸ ਜਮ੍ਹਾਂ ਕਰਵਾਉਂਦੇ ਸਨ। ਇਸ ਰਕਮ ਦੀਆਂ ਰਸੀਦਾਂ ਦਿੱਤੀਆਂ ਜਾਂਦੀਆਂ ਸਨ ਤੇ ਬਕਾਇਦਾ ਹਿਸਾਬ ਰੱਖਿਆ ਜਾਂਦਾ ਸੀ।

4. ਜਿਹੜੇ ਮਸੰਦ ਇਹ ਮਹਿਸੂਸ ਕਰਦੇ ਸਨ ਕਿ ਉਹ ਇਕੱਠੇ ਆਪਣੇ ਇਲਾਕੇ ਦੇ ਸਾਰੇ ਸਿੱਖਾਂ ਪਾਸੋਂ ਦਸਵੰਧ ਦੀ ਰਕਮ ਇਕੱਠੀ ਨਹੀਂ ਕਰ ਸਕਦੇ ਉਹ ਆਪਣੇ ਸਹਾਇਕ ਨਿਯਤ ਕਰ ਦਿੰਦੇ ਸਨ ਜੋ ਮਾਇਆ ਇਕੱਤਰ ਕਰਨ ਵਿੱਚ ਤੇ ਮਸੰਦ ਕੋਲ ਪਹੁੰਚਾਣ ਵਿੱਚ ਉਸ ਦੀ ਸਹਾਇਤਾ ਕਰਦੇ ਸਨ।

5. ਮਸੰਦ ਉੱਚ ਆਚਰਣ ਵਾਲੇ ਧਰਮੀ ਤੇ ਸੂਝਵਾਨ ਬੰਦੇ ਹੁੰਦੇ ਸਨ, ਉਨ੍ਹਾਂ ਦਾ ਕੰਮ ਦਸਵੰਧ ਦੀ ਰਕਮ ਇਕੱਠੀ ਕਰਨ ਤੋਂ ਇਲਾਵਾ ਆਪਣੇ ਇਲਾਕੇ ਵਿੱਚ ਪ੍ਰਚਾਰ ਕਰਨਾ ਵੀ ਹੁੰਦਾ ਸੀ।

ਮਸੰਦ ਪ੍ਰਣਾਲੀ ਦਾ ਸਿੱਖ ਇਤਿਹਾਸ ਵਿੱਚ ਬੜਾ ਮਹੱਤਵ ਪੂਰਨ ਅਸਥਾਨ ਹੈ। ਇਸ ਨੇ ਕਈ ਢੰਗਾਂ ਨਾਲ ਸਿੱਖ ਧਰਮ ਨੂੰ ਉੱਨਤ ਕਰਨ ਵਿੱਚ ਸਹਾਇਤਾ ਕੀਤੀ ਹੈ। ਇਸ ਦਾ ਸਭ ਤੋਂ ਪਹਿਲਾ ਲਾਭ ਇਹ ਹੋਇਆ ਕਿ ਮਸੰਦਾਂ ਨੇ ਦਸਵੰਧ ਦੀ ਰਕਮ ਨਾਲ ਗੁਰੂ ਦੀ ਗੋਲਕ ਨੂੰ ਪੱਕੀ ਆਮਦਨ ਦੇ ਸਾਧਨ ਦੇ ਦਿੱਤੇ ਜਿਸ ਨਾਲ ਗੁਰੂ ਸਾਹਿਬ ਧਰਮ ਦਾ ਪ੍ਰਚਾਰ ਕਰਨ ਤੇ ਧਾਰਮਿਕ ਕੇਂਦਰ ਸਥਾਪਤ ਕਰਨ ਵਿਚ ਸਫਲ ਹੋ ਗਏ। ਇਸ ਤਰ੍ਹਾਂ ਨਾਲ ਸਿੱਖ ਧਰਮ ਦਾ ਘੇਰਾ ਹੋਰ ਵਿਸ਼ਾਲ ਹੋਇਆ ਤੇ ਉਸ ਦੀਆਂ ਨੀਹਾਂ ਮਜ਼ਬੂਤ ਹੋਈਆ। ਦਸਵੰਧ ਦਾ ਕਾਰਜ ਕੇਵਲ ਪੰਜਾਬ ਤੱਕ ਹੀ ਸੀਮਤ ਨਹੀਂ ਸੀ ਸਗੋਂ ਪੰਜਾਬ ਤੋਂ ਬਾਹਰ ਦੇ ਇਲਾਕਿਆਂ ਵਿੱਚ ਵੀ ਇਸੇ ਢੰਗ ਨਾਲ ਕੰਮ ਹੋਇਆ। ਇਸ ਸੰਸਥਾ ਰਾਹੀਂ ਸਿੱਖਾਂ ਦਾ ਸੰਬੰਧ ਕੇਂਦਰ ਨਾਲ ਜੁੜਿਆ ਰਹਿੰਦਾ ਤੇ ਮਸੰਦ ਲੋਕ ਗੁਰੂ ਸਾਹਿਬ ਤੇ ਸਿੱਖਾਂ ਵਿਚਕਾਰ ਇਕ ਕੜੀ ਦਾ ਕੰਮ ਕਰਦੇ। ਨਤੀਜਾ ਇਹ ਹੋਇਆ ਕਿ ਇਸ ਸੰਸਥਾਂ ਰਾਹੀਂ ਸਿੱਖਾਂ ਨੂੰ ਗੁਰੂ ਸਾਹਿਬ ਦੀ ਸ਼ਕਤੀ ਅਧੀਨ ਰਹਿਣ ਵਿੱਚ ਬੜੀ ਸਹਾਇਤਾ ਮਿਲੀ। ਸਭ ਤੋਂ ਲਾਭਦਾਇਕ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਦੀ ਆਮਦਨ ਦਾ ਇੱਕ ਨਿਸ਼ਚਿਤ ਭਾਗ ਆਪਣੇ ਆਪ ਗੁਰੂ ਸਾਹਿਬ ਲਈ ਵੱਖਰਾ ਰੱਖਿਆ ਜਾਣ ਲੱਗ ਪਿਆ। ਡਾ: ਗੋਕਲ ਚੰਦ ਨਾਰੰਗ ਨੇ ਲਿਖਿਆ ਹੈ, *"ਹੁਣ ਗੁਰੂ ਸਾਹਿਬ ਨੂੰ ਬਜਟ ਬਣਾਉਣ ਵਿੱਚ ਸੌਖ ਹੋ ਗਿਆ, ਕਿਉਂਕਿ ਉਨ੍ਹਾਂ ਦੇ ਸਿੱਖ ਸ਼ਰਧਾ ਨਾਲ ਨਿਸ਼ਚਿਤ ਮਾਤਰਾ ਵਿੱਚ ਰਕਮ ਦੇ ਦੇਂਦੇ ਸਨ। ਅਸਲ ਵਿੱਚ ਦਸਵੰਧ ਦੀ*



www.AKJ.Org

ਉਗਰਾਹੀ ਮੁਗਲ ਸਰਕਾਰ ਦੀ ਆਮਦਨ ਨਾਲੋਂ ਵੀ ਵੱਧ ਯਕੀਨੀ ਹੁੰਦੀ ਸੀ। ਇਸ ਤੋਂ ਇਲਾਵਾ ਸਿੱਖ ਇਸ ਸੰਸਥਾ ਦੇ ਕਾਰਨ ਇੱਕ ਤਰ੍ਹਾਂ ਦੀ ਸਰਕਾਰ ਦੇ ਅਧੀਨ ਹੋ ਗਏ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਮਜ਼ਬੂਤ ਜਥੇਬੰਦੀ ਦੇ ਤੌਰ ਤੇ ਸੰਗਠਿਤ ਕਰ ਲਿਆ।"

ਸਿੱਖ ਧਰਮ ਦੀ ਪ੍ਰਸਿੱਧਤਾ ਦੇ ਕਾਰਨ ਗੁਰੂ ਸਾਹਿਬ ਦਾ ਸਤਿਕਾਰ ਬਹੁਤ ਵੱਧ ਗਿਆ ਤੇ ਹੌਲੀ ਹੌਲੀ ਦਸਵੰਧ ਦੀ ਰਕਮ ਵੀ ਵੱਧਦੀ ਗਈ। ਜਦੋਂ ਉਹ ਮਸੰਦ ਸਿੱਖਾਂ ਕੋਲੋਂ ਗੁਰੂ ਜੀ ਲਈ ਭੇਟਾ ਲੈ ਕੇ ਆਉਂਦੇ ਗੁਰੂ ਸਾਹਿਬ ਅੱਗੇ ਮੱਥਾ ਟੇਕ ਕੇ ਭੇਟਾ ਪੇਸ਼ ਕਰਦੇ ਤਾਂ ਗੁਰੂ ਜੀ ਦਾ ਦਰਬਾਰ ਵੀ ਇੱਕ ਸ਼ਾਹੀ ਦਰਬਾਰ ਦਾ ਰੂਪ ਧਾਰਨ ਕਰਦਾ ਗਿਆ ਤੇ ਹੁਣ ਸਿੱਖ ਗੁਰੂ ਜੀ ਨੂੰ 'ਸੱਚਾ ਪਾਤਸ਼ਾਹ' ਕਹਿਣ ਲੱਗ ਪਏ ਸਨ।

ਪਰੰਤੂ ਕੁਝ ਚਿਰ ਪਿਛੋਂ ਮਸੰਦਾਂ ਨੇ ਹੌਲੀ ਹੌਲੀ ਇਸ ਕੰਮ ਵਿੱਚ ਕਈ ਤਰੁੱਟੀਆਂ ਪੈਦਾ ਕਰ ਦਿੱਤੀਆਂ ਜਿਵੇਂ ਕਿ ਕਾਰ-ਭੇਟਾ ਦੀ ਰਕਮ ਨੂੰ ਨਿੱਜੀ ਕੰਮਾਂ ਲਈ ਵਰਤਣ ਲੱਗ ਪਏ, ਆਪਣੀ ਪੂਜਾ ਕਰਾਉਣ ਲੱਗ ਪਏ। ਹੌਲੀ ਹੌਲੀ ਉਹ ਹੰਕਾਰੀ ਤੇ ਵਿਭਚਾਰੀ ਵੀ ਹੋ ਗਏ। ਇੱਥੋਂ ਤੱਕ ਕਿ ਗੁਰੂ ਸਾਹਿਬ ਦੇ ਵਿਰੁੱਧ ਕਈ ਸ਼ਾਜਸ਼ਾਂ ਵੀ ਘੜਨ ਲੱਗ ਪਏ ਤੇ ਜਦੋਂ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ ਤਾਂ ਮਸੰਦਾਂ ਨੇ ਦਰਬਾਰ ਸਾਹਿਬ ਦੇ ਦਰਵਾਜ਼ੇ ਹੀ ਬੰਦ ਕਰ ਦਿੱਤੇ।

ਕਨਿੰਘਮ, ਲਤੀਫ ਤੇ ਬੈਨਰਜੀ ਆਦਿ ਇਤਿਹਾਸਕਾਰ ਮਸੰਦ ਪ੍ਰਣਾਲੀ ਨੂੰ ਠੀਕ ਤਰ੍ਹਾਂ ਨਾ ਸਮਝ ਸਕੇ ਤੇ ਉਨ੍ਹਾਂ ਨੇ ਲਿਖਿਆ ਕਿ ਮਸੰਦ ਪ੍ਰਥਾ ਰਾਹੀਂ ਸਿੱਖਾਂ ਨੇ ਇੱਕ ਪ੍ਰਕਾਰ ਦੀ ਹਕੂਮਤ ਕਾਇਮ ਕਰ ਲਈ ਸੀ। ਇਹ ਗੱਲ ਬਿਲਕੁੱਲ ਨਿਰਮੂਲ ਹੈ। ਪਰ ਇਹ ਗੱਲ ਬਿਲਕੁੱਲ ਠੀਕ ਹੈ ਕਿ ਸਿੱਖ ਗੁਰੂ ਸਾਹਿਬ ਦੇ ਵੇਲੇ ਪੱਕੇ ਪੈਰਾਂ ਤੇ ਖੜ੍ਹੇ ਹੋ ਚੁੱਕੇ ਸਨ ਤੇ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਕੁੱਝ ਅਜਿਹੇ ਨਿਯਮ ਬਣਾ ਦਿੱਤੇ ਸਨ ਜਿਨ੍ਹਾਂ ਅਨੁਸਾਰ ਸਿੱਖਾਂ ਦੇ ਸਮਾਜੀ ਤੇ ਰਾਜਸੀ ਜੀਵਨ ਖਾਸ ਢੰਗ ਦੇ ਬਣ ਗਏ ਸਨ।

ਇਹ ਗੱਲ ਵੀ ਠੀਕ ਹੈ ਕਿ ਸਿੱਖ ਮੁਗਲ ਸਰਕਾਰ ਨੂੰ ਟੈਕਸ ਦੇਣ ਦੀ ਬਜਾਏ ਗੁਰੂ ਸਾਹਿਬ ਨੂੰ ਦਸਵੰਧ ਦੇਣ ਵਿੱਚ ਖੁਸ਼ੀ ਪ੍ਰਤੀਤ ਕਰਦੇ ਸਨ ਤੇ ਕਈ ਵੇਰੀ ਆਪਸੀ ਝਗੜਿਆਂ ਦਾ ਫੈਸਲਾ ਮੁਗਲਾਂ ਦੀ ਕਚਿਹਰੀ ਵਿੱਚ ਕਰਾਉਣ ਦੀ ਬਜਾਏ ਮਸੰਦਾਂ ਕੋਲੋਂ ਹੀ ਕਰਾ ਲੈਂਦੇ ਸਨ ਪਰ ਇਹ ਗੱਲ ਬਿਲਕੁੱਲ ਸਪੱਸ਼ਟ ਹੈ ਕਿ ਮਸੰਦਾਂ ਦਾ ਰਾਜਸੀ ਮਹੱਤਵ ਬਿਲਕੁੱਲ ਨਹੀਂ ਸੀ।

ਗੁਰੂ ਹਰਗੋਬਿੰਦ ਸਾਹਿਬ ਤੋਂ ਪਿਛੋਂ ਸਤਵੇਂ ਤੇ ਅੱਠਵੇਂ ਗੁਰੂ ਸਾਹਿਬਾਨ ਦੇ ਸਮੇਂ ਗੁਰੂ ਘਰੋਹੀਆਂ ਨੇ ਕੁੱਝ ਮਸੰਦ ਆਪਣੇ ਨਾਲ ਗੰਢ ਲਏ ਸਨ ਤੇ ਆਪਣੇ ਗੁਰੂ ਹੋਣ ਦਾ ਦਾਹਵਾ ਕਰਨ ਲਈ ਉਨ੍ਹਾਂ ਕੋਲੋਂ ਪ੍ਰਚਾਰ ਕਰਾਉਂਦੇ ਰਹਿੰਦੇ ਸਨ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦਿੱਲੀ ਵਿੱਚ ਜੋਤੀ-ਜੋਤ ਸਮਾਉਣ ਸਮੇਂ "ਬਾਬਾ ਬਕਾਲੇ" ਕਿਹਾ ਤਾਂ 22 ਪਖੰਡੀ ਗੁਰੂਆਂ ਨੇ ਬਕਾਲੇ ਡੇਰੇ ਆ ਲਾਏ ਤੇ ਮੰਜੀਆਂ ਡਾਹ ਕੇ ਗੁਰੂ ਬਣ ਬੈਠੇ। ਜਦੋਂ ਮੱਖਣ ਸ਼ਾਹ ਲੁਬਾਣੇ ਦੇ ਯਤਨਾਂ ਨਾਲ 20 ਮਾਰਚ 1665 ਨੂੰ ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਦੀ ਗੱਦੀ ਸੰਭਾਲੀ ਤਾਂ ਪਖੰਡ ਦੇ ਢੋਲ ਦਾ ਪੋਲ ਖੁੱਲ੍ਹ ਗਿਆ। ਗੁਰੂ ਤੇਗ ਬਹਾਦਰ ਜੀ ਦੀ ਵੱਧ ਰਹੀ ਉਪਮਾ ਨੂੰ ਵੇਖ ਕੇ ਧੀਰਮਲ ਸੜ ਬਲ ਕੋਲੇ ਹੋ ਗਿਆ ਤੇ ਉਸ ਨੇ ਆਪਣੇ ਇੱਕ ਮਸੰਦ ਸ਼ੀਂਹੇ ਕੋਲੋਂ ਗੁਰੂ ਸਾਹਿਬ ਤੇ ਬੰਦੂਕ ਦੀ ਗੋਲੀ ਚਲਵਾ ਦਿੱਤੀ। ਇਹ ਘਟਨਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਮਸੰਦ ਕਿਥੋਂ ਤੱਕ ਡਿੱਗ ਚੁੱਕੇ ਸਨ।

ਗੁਰੂ ਤੇਗ ਬਹਾਦਰ ਸਾਹਿਬ ਤਾਂ ਸ਼ਾਂਤੀ ਦੇ ਪੁੰਜ ਸਨ ਤੇ ਕਿਸੇ ਵੈਰੀ ਨੂੰ ਵੀ ਦੁੱਖ ਦੇ ਕੇ ਰਾਜ਼ੀ ਨਹੀਂ ਸਨ ਪਰ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਾਰਵਾਈਆਂ ਵੇਖ ਕੇ ਮਸੰਦ ਬਹੁਤ ਘਬਰਾਏ ਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਨਵੇਂ ਰਸਤੇ ਤੇ ਚੱਲਣ ਤੋਂ ਰੋਕਣ ਲਈ ਮਾਤਾ ਜੀ ਕੋਲੋਂ ਵੀ ਅਖਵਾਇਆ, ਪਰ ਗੁਰੂ ਜੀ ਦਾ ਮਤਲਬ ਕੋਈ ਰਾਜ ਕਾਇਮ ਕਰਨਾ ਜਾਂ ਕੋਈ ਹੋਰ ਸੁਆਰਥ ਸਿੱਧ ਕਰਨਾ ਨਹੀਂ ਸੀ, ਉਹਨਾਂ ਦਾ ਉਦੇਸ਼ ਤਾਂ ਦੁਸ਼ਟਾਂ ਦਾ ਦਮਨ ਕਰਨਾ ਤੇ ਸੰਤਾਂ ਨੂੰ ਉਭਾਰਨਾ ਸੀ। ਇਸੇ ਲਈ ਉਨ੍ਹਾਂ ਨੇ ਖਾਲਸੇ ਦੀ ਸਾਜਨਾ ਕੀਤੀ ਤੇ ਖਾਲਸੇ ਨੂੰ ਗੁਰੂ ਵਿੱਚ ਅਭੇਦ ਕਰ ਦਿੱਤਾ। ਉਨ੍ਹਾਂ ਦਾ ਮਨੋਰਥ ਵਹਿਮ-ਰਹਿਤ, ਜਾਤ-ਪਾਤ ਰਹਿਤ ਸਮਾਜ ਦਾ ਨਿਰਮਾਣ ਕਰਨਾ ਤੇ ਸੰਤ ਸਿਪਾਹੀਆਂ ਦੀ ਇੱਕ ਜਮਾਤ ਦਾ ਨਿਰਮਾਣ ਕਰਨਾ ਸੀ। ਉਨ੍ਹਾਂ ਨੂੰ ਕੇਵਲ ਅਕਾਲ ਪੁਰਖ ਦੀ ਕਿਰਪਾ ਤੇ ਵਿਸ਼ਵਾਸ਼ ਸੀ। ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ ਕਿ ਗੁਰੂ ਸਾਹਿਬ ਦਾ ਆਸ਼ਾ ਨਾ ਰਾਜਸੀ ਤਾਕਤ ਤੇ ਨਾ ਪਦਾਰਥਕ ਉੱਨਤੀ ਕਰਨਾ ਸੀ, ਉਹ ਤਾਂ ਸਿੱਖਾਂ ਵਿੱਚ ਆਤਮ ਵਿਸ਼ਵਾਸ਼

(ਬਾਕੀ ਪੰਨਾ ੪੦ ਤੇ .......)



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਕੀਰਤਨ ਸ਼ੈਲੀ

(ਪ੍ਰਿੰ: ਗੁਰਮੁਖ ਸਿੰਘ)

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅਨੁਮਾਨ ਹੈ, ਵੀਹਵੀਂ ਸ਼ਤਾਬਦੀ ਦੇ ਆਰੰਭ ਹੁੰਦਿਆਂ ਕੀਰਤਨ ਕਰਨਾ ਆਰੰਭਿਆ। ਉਹਨਾਂ ਦਾ ਕਲਾਸੀਕਲ ਰਾਗਾਂ ਦੇ ਕਿਸੇ ਭੀ ਘਰਾਨੇ ਨਾਲ ਦੂਰ ਦਾ ਸੰਬੰਧ ਭੀ ਨਹੀਂ ਸੀ। ਉਸ ਸਮੇਂ ਦੇ ਪੰਜਾਬ ਵਿੱਚ ਜਾਂ ਤਾਂ ਕਿਤੇ ਕਿਤੇ ਪੱਕੇ ਰਾਗਾਂ ਵਿੱਚ ਕੀਰਤਨ ਕਰਨ ਵਾਲੇ ਉਂਗਲਾਂ ਤੇ ਗਿਣੇ ਜਾਣ ਵਾਲੇ ਰਾਗੀ ਹੁੰਦੇ ਸਨ ਜਾਂ ਸੰਤ ਮਹਾਂਪੁਰਖ ਜੋ ਚਿਮਟੇ ਢੋਲਕੀਆਂ ਨਾਲ ਜੋਟੀਆਂ ਵਿੱਚ ਕੀਰਤਨ ਕਰਦੇ ਹੁੰਦੇ ਸਨ।

ਆਪ ਇੱਕੋ ਚੌਂਕੜੇ ਪੰਜ ਪੰਜ, ਛੇ ਛੇ ਘੰਟੇ ਨਿਰੋਲ ਗੁਰਬਾਣੀ ਦਾ ਕੀਰਤਨ ਕਰਦੇ ਆਪ ਤਾਂ ਕੀਰਤਨ ਵਿੱਚ ਕੀਰਤਨ ਦਾ ਰੂਪ ਹੀ ਹੋ ਜਾਂਦੇ ਸਨ ਪਰ ਨਾਲ ਹੀ ਸੰਗਤ ਵਿੱਚ ਬੈਠੀਆਂ ਅਨੇਕਾਂ ਪ੍ਰੇਮੀ ਰੂਹਾਂ ਦੀ ਸੁਰਤ ਨੂੰ ਭੀ ਕੀਲ ਕੇ ਰੱਖ ਦਿੰਦੇ। ਘੰਟਿਆਂ ਬੱਧੀ ਕੀਰਤਨ ਉਹੀ ਸੁਣ ਸਕਦਾ ਹੈ ਜਿਸ ਅੰਦਰ ਕੀਰਤਨ ਨਾਲ ਲਿਵ ਜੁੜਦੀ ਹੋਵੇ।

ਅੱਜ ਦੇ ਪ੍ਰੋਫੈਸ਼ਨਲ ਕੀਰਤਨੀਏ ਰੋਟੀਆਂ ਕਾਰਨ ਹੀ ਤਾਲ ਪੂਰਦੇ ਹਨ। ਉਸ ਕੀਰਤਨ ਨਾਲ ਨਾਂ ਤਾਂ ਉਨ੍ਹਾਂ ਦਾ ਆਪਣਾ ਅੰਦਰਲਾ ਕੀਲਿਆ ਜਾਂਦਾ ਹੈ ਤੇ ਨਾਂ ਹੀ ਸੰਗਤ ਤੇ ਬਹੁਤਾ ਪ੍ਰਭਾਵ ਪੈਂਦਾ ਹੈ। ਕੀਰਤਨ ਦਰਬਾਰਾਂ ਦਾ ਰਿਵਾਜ਼ ਚੱਲਿਆ ਹੋਇਆ ਹੈ, ਉੱਥੇ ਭੀ ਇਹੋ ਪ੍ਰੋਫੈਸ਼ਨਲ ਰਾਗੀ ਜੱਥੇ ਪਰਧਾਨ ਹੁੰਦੇ ਹਨ ਪਰ ਆਤਮਕ ਹੁਲਾਰਾ ਇਨ੍ਹਾਂ ਕੀਰਤਨ ਦਰਬਾਰਾਂ ਵਿੱਚ ਕਿੱਥੇ ?

ਆਮ ਰਾਗੀ ਕੀਰਤਨ ਕਰਨ ਸਮੇਂ ਵਾਜਾ ਜ਼ਿਆਦਾ ਟਾਈਮ ਵਜਾਉਂਦੇ ਹਨ ਤੇ ਕੀਰਤਨ ਬੋਲ ਥੋੜ੍ਹੇ ਸਮੇਂ ਲਈ ਪਰ ਭਾਈ ਸਾਹਿਬ ਨੂੰ ਜਿਨ੍ਹਾਂ ਨੇ ਕੀਰਤਨ ਕਰਦਿਆਂ ਸੁਣਿਆ ਵੇਖਿਆ ਹੈ ਉਹ ਇਸ ਗੱਲ ਦੀ ਗਵਾਹੀ ਦੇਣਗੇ ਕਿ ਉਨ੍ਹਾਂ ਆਪਣੇ ਗਲੇ ਨੂੰ ਬਚਾਅ ਕੇ ਰੱਖਣ ਦੀ ਕਦੀ ਕੋਸ਼ਿਸ਼ ਨਹੀਂ ਕੀਤੀ। ਅੰਦਰੋਂ ਮਾਨੋਂ ਕੀਰਤਨ ਦੀਆਂ ਤਰੰਗਾਂ ਉਠਦੀਆਂ ਸਨ ਤੇ ਆਪ ਪੰਚਮ ਸੁਰਾਂ ਤੋਂ ਭੀ ਉੱਪਰ ਉੱਚੀ ਉੱਚੀ ਘੰਟਿਆਂ ਬੱਧੀ ਕੀਰਤਨ ਕਰਦੇ ਹੁੰਦੇ। ਫਿਰ ਇੱਕ ਇੱਕ ਤੁਕ ਨੂੰ ਇਤਨੇ ਮਿਠਾਸ ਅਤੇ ਹੁਲਾਸ ਨਾਲ ਕਈ ਕਈ ਵਾਰੀ ਪੜ੍ਹਨਾ ਕਿ ਅਨੇਕਾਂ ਰੂਹਾਂ ਉੱਤੇ "ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ" ਵਾਲੀ ਦਸ਼ਾ ਵਾਪਰ ਜਾਂਦੀ। ਅਨੇਕਾਂ ਪ੍ਰੇਮੀਆਂ ਨੂੰ ਸੱਜਲ ਨੇਤ੍ਰੀ ਹੁੰਦਿਆਂ ਤਾਂ ਦਾਸ ਨੇ ਅੱਖੀਂ ਵੇਖਿਆ ਹੈ। ਐਸੇ ਕੀਰਤਨ ਅਖਾੜਿਆਂ ਵਿੱਚ ਪ੍ਰਬੰਧਕਾਂ ਨੂੰ ਘੜੀ ਵਿਖਾ ਕੇ ਭੋਗ ਪਾਉਣ ਲਈ ਮੁਸ਼ਕਲ ਹੋ ਜਾਂਦੀ। ਉੱਥੇ ਤਾਂ "ਥਨਿ ਕਾਢੇ ਬਿਲਲ ਬਿਲੀਧੇ" (ਪੰਨਾ ੧੧੭੮) ਵਾਲੀ ਦਸ਼ਾ ਹੋਈ ਹੋਈ ਹੁੰਦੀ ਸੀ। ਕੀਰਤਨ ਦਾ ਉਹ ਰਸ ਬੱਝਾ ਹੁੰਦਾ ਸੀ ਕਿ ਸਮਾਂ ਮਾਨੋ ਹੈ ਹੀ ਨਹੀਂ। ਕੀਰਤਨ 'ਚਲ ਸੋ ਚਲ' ਹੁੰਦਾ ਰਹਿੰਦਾ। ਜਦੋਂ ਮੈਂ 1953 ਦੇ ਦਿੱਲੀ ਦੇ ਸਮਾਗਮ ਤੇ ਪਹਿਲੀ ਵੇਰ ਭਾਈ ਸਾਹਿਬ ਤੇ ਉਨ੍ਹਾਂ ਦੇ ਸਾਥੀਆਂ ਨੂੰ ਕੀਰਤਨ ਵਿੱਚ ਵਿਸਮਾਦੀ ਰੰਗਾਂ ਵਿੱਚ ਵੇਖਿਆ ਤਾਂ ਮੇਰੇ ਲਈ ਇਹ ਸਾਰਾ ਦ੍ਰਿਸ਼ ਹੀ ਵਿਸਮਾਦ ਸੀ। ਸਵੇਰੇ 4 ਵਜੇ ਕੀਰਤਨ ਆਰੰਭ ਹੋਇਆ ਤਿਲਕ ਨਗਰ, ਤੇ ਸ਼ਾਮ ਦੇ ਪੰਜ ਵਜੇ ਸ੍ਰੀ ਆਸਾ ਕੀ ਵਾਰ ਦੀ ਸਮਾਪਤੀ ਹੋਈ। ਖਬਰੇ ਘੰਟਿਆਂ ਬੱਧੀ ਕੀਰਤਨ ਕਰਨ ਕਰਕੇ ਸੰਗਤਾਂ ਨੇ ਭਾਈ ਸਾਹਿਬ ਦੀ ਕੀਰਤਨ-ਸ਼ੈਲੀ ਦਾ ਨਾਮ ਹੀ ਅਖੰਡ ਕੀਰਤਨ ਰੱਖ ਦਿੱਤਾ ਜੋ ਗੁਰਬਾਣੀ ਵਿੱਚੋਂ ਅਖੰਡ ਕੀਰਤਨ ਦੀ ਸ਼ਬਦਾਵਲੀ ਤੋਂ ਲੈ ਕੇ ਨਾਮ ਕਰਨ ਕੀਤਾ ਗਿਆ ਹੁੰਦਾ ਹੈ :-

ਅਖੰਡ ਕੀਰਤਨੁ ਤਿਨਿ ਭੋਜਨ ਚੂਰਾ।।
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ।।
(ਪੰਨਾ ੨੩੬)

ਭਾਈ ਸਾਹਿਬ ਨੇ ਦੇਸ਼ ਦੀ ਆਜ਼ਾਦੀ ਲਹਿਰ ਵਿੱਚ 16 ਸਾਲ ਜੇਲ੍ਹ ਭੋਗੀ। ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਭੀ ਆਪਣੇ ਸਰਬ ਲੋਹ ਦੇ ਕੜਿਆਂ ਨੂੰ ਕੀਰਤਨ ਕਰਨ ਲਈ ਸਾਜ਼ ਬਣਾਇਆ। ਨਾਮ ਬਾਣੀ ਅਤੇ ਕੀਰਤਨ ਦੇ ਆਧਾਰ ਤੇ ਉਮਰ ਕੈਦ ਦਾ ਸਮਾਂ ਸਫਲਾ ਕੀਤਾ, ਸਤਿਗੁਰੂ ਦੇ ਭਾਣੇ ਵਿੱਚ ਅਡੋਲ ਰਹੇ। ਕੀਰਤਨ ਕਰਨਾ ਆਪ ਦਾ ਕਿੱਤਾ ਨਹੀਂ ਸੀ। ਇਹ ਤਾਂ ਆਪ ਦੇ ਰੂਹ ਦੀ ਖੁਰਾਕ ਸੀ। ਅੰਤਲੇ 2 ਕੁ ਸਾਲਾਂ ਵਿੱਚ ਡਾਕਟਰਾਂ ਨੇ ਜਦੋਂ ਕੀਰਤਨ ਕਰਨ ਤੋਂ ਵਰਜ



www.AKJ.Org

ਦਿੱਤਾ ਤਾਂ ਇਨ੍ਹਾ ਸਤਰਾਂ ਦੇ ਲਿਖਾਰੀ ਨੂੰ ਆਪ ਨੇ ਬੜੇ ਵੈਰਾਗ ਵਿੱਚ ਕਿਹਾ *'ਡਾਕਟਰਾਂ ਨੂੰ ਕੀ ਹੋਇਆ ? ਮੇਰਾ ਕੀਰਤਨ ਹੀ ਬੰਦ ਕਰ ਦਿੱਤੈ।'* ਭਾਈ ਸਾਹਿਬ ਦੇ ਸਮੇਂ ਤੱਕ ਖਾਲਸਾ ਪੰਥ ਵਿੱਚ ਬੀਬੀਆਂ ਨੂੰ ਵੱਡੇ ਦੀਵਾਨਾਂ ਦੀ ਸਟੇਜ ਤੇ ਕੀਰਤਨ ਕਰਨ ਦਾ ਰਿਵਾਜ ਨਹੀਂ ਸੀ। ਬੀਬੀਆਂ ਰਲ ਕੇ ਆਮ ਤੌਰ ਤੇ ਘਰੋ ਘਰੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਸਮਾਪਤੀ ਤੇ ਢੋਲਕੀ ਛੈਣਿਆਂ ਨਾਲ ਘਰਾਂ ਵਿੱਚ ਹੀ ਕੱਲੀ-ਦੁ-ਕੱਲੀ ਬੀਬੀ ਸ਼ਬਦ ਪੜ੍ਹ ਲੈਂਦੀ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਅਨੇਕਾਂ ਬੀਬੀਆਂ ਨੂੰ ਸਿੰਘਾਂ ਦੇ ਬਰਾਬਰ ਵੱਡੇ ਵੱਡੇ ਦੀਵਾਨਾਂ ਵਿੱਚ ਇੱਕੋ ਸਟੇਜ ਤੋਂ ਕੀਰਤਨ ਕਰਨ ਲਈ ਉਤਸ਼ਾਹਤ ਕੀਤਾ। ਇਸ ਦੇ ਫਲਸਰੂਪ ਅਖੰਡ ਕੀਰਤਨੀ ਜੱਥੇ ਦੇ ਕੀਰਤਨ ਅਖਾੜਿਆਂ ਵਿੱਚ ਜਿੱਥੇ ਸਿੰਘ ਕੀਰਤਨ ਕਰਦੇ ਹਨ, ਉੱਥੇ ਬੀਬੀਆਂ ਲਈ ਭੀ ਕੀਰਤਨ ਕਰਨ ਲਈ ਸਮਾਂ ਰੱਖਿਆ ਜਾਂਦਾ ਹੈ। ਇਸਲਾਮ, ਬੀਬੀਆਂ ਨੂੰ ਮਸਜਿਦ ਵਿੱਚ ਜਾਣ ਦੀ ਖੁੱਲ੍ਹ ਨਹੀਂ ਦਿੰਦਾ। ਹਿੰਦੂ ਧਰਮ ਬੀਬੀਆਂ ਨੂੰ ਨ੍ਹਾਉਣੀ ਦੀ ਸੂਤਕ ਮੰਨ ਕੇ ਪੂਜਾ ਲਈ ਯੋਗ ਨਹੀਂ ਸਮਝਦਾ ਅਖੇ ਕਿਧਰੇ ਦੇਵਤੇ ਅਪ੍ਰਸੰਨ ਨਾ ਹੋ ਜਾਣ। ਇਸੇ ਬ੍ਰਹਮਣੀ ਪ੍ਰਭਾਵ ਹੇਠ 18ਵੀਂ ਅਤੇ 19ਵੀਂ ਸਦੀ ਵਿੱਚ ਸਿੱਖ ਬੀਬੀਆਂ ਭੀ ਪਿਛੇ ਰਹਿੰਦੀਆਂ ਰਹੀਆਂ। 20ਵੀਂ ਸਦੀ ਵਿੱਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬੀਬੀਆਂ ਨੂੰ ਅੱਗੇ ਵੱਧਣ ਲਈ ਪ੍ਰੇਰਿਆ। ਸ੍ਰੀ ਦਰਬਾਰ ਸਾਹਿਬ ਅੰਦਰ ਅਜੇ ਤੱਕ ਬੀਬੀਆਂ ਨੂੰ ਬ੍ਰਹਮਣੀ ਪ੍ਰਭਾਵ ਕਾਰਨ ਕੀਰਤਨ ਕਰਨ ਦੀ ਆਗਿਆ ਨਹੀਂ ਹੈ। ਗੁਰੂ ਕੇ ਦਰਬਾਰ ਵਿੱਚ ਸਿੰਘਾਂ ਅਤੇ ਸਿੰਘਣੀਆਂ ਵਿੱਚ ਇਹ ਵਿਤਕਰਾ ਕਿਉਂ ? ਇਹ ਕਦੋਂ ਤੱਕ ਚੱਲਦਾ ਰਹੇਗਾ ?

ਭਾਈ ਸਾਹਿਬ ਨੇ ਇੱਕ ਹੋਰ ਨਵੀਂ ਪਿਰਤ ਪਾਈਂ ਕਿ ਕੀਰਤਨ ਦੀ ਮਾਇਆ ਭੇਟ ਨਹੀਂ ਲੈਣੀ। ਅਖੰਡ ਕੀਰਤਨ ਜੱਥੇ ਜਿੱਥੇ ਕਿਤੇ ਵੀ ਹਨ ਕੀਰਤਨ ਨੂੰ ਵੇਚਦੇ ਨਹੀਂ, ਰੂਹ ਦੀ ਖੁਰਾਕ ਵਜੋਂ ਆਪ ਭੀ ਭੁੰਚਦੇ ਹਨ ਅਤੇ ਸੰਗਤਾਂ ਨੂੰ ਭੀ ਭੁੰਚਾਉਂਦੇ ਹਨ।

ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਭਾਈ ਸਾਹਿਬ ਅਤੇ ਉਨ੍ਹਾਂ ਨਾਲ ਕੀਰਤਨ ਕਰਨ ਵਾਲਿਆਂ ਦੀਆਂ ਪੁਰਾਤਨ ਕੀਰਤਨ-ਰੀਤਾਂ ਵਿੱਚ ਇਹ ਗੱਲ ਵੇਖਣ ਵਾਲੀ ਹੁੰਦੀ ਸੀ ਕਿ ਜੇ ਸ਼ਬਦ ਵੈਰਾਗ ਦਾ ਹੈ ਤਾਂ ਰੀਤਾਂ ਵਿਚੋਂ ਵੈਰਾਗ ਦੇ ਭਾਵ ਉਭਰਦੇ ਸਨ। ਜੇ ਸ਼ਬਦ ਮਿਲਾਪ ਅਤੇ ਖੁਸ਼ੀਆਂ ਦੇ ਭਾਵ ਦਾ ਹੁੰਦਾ ਤਾਂ ਕੀਰਤਨੀਆਂ ਨੇ ਉਸੇ ਭਾਵ ਦੀਆਂ ਰੀਤਾਂ ਦੀ ਰਚਨਾ ਕਰਨੀ। ਮੈਨੂੰ ਗੁਰਪੁਰਵਾਸੀ ਕਰਨਲ ਪਿਆਰਾ ਸਿੰਘ ਜੀ ਕਹਿੰਦੇ ਸਨ ਕਿ ਭਾਈ ਸਾਹਿਬ ਨੂੰ ਅਗੰਮੀ ਕੀਰਤਨ ਅੰਦਰੋਂ ਸੁਣੀਂਦਾ ਸੀ। ਉਹ ਅੰਦਰਲੇ ਸੁਣੀਂਦੇ ਕੀਰਤਨ ਦੀਆਂ ਰੀਤਾਂ ਨੂੰ ਬਾਹਰ ਰੂਪਮਾਨ ਕਰਦੇ ਹੁੰਦੇ ਸਨ। ਜਿਨ੍ਹਾਂ ਗੁਰੂ ਪਿਆਰਿਆਂ ਉੱਪਰ ਗੁਰ ਪ੍ਰਸਾਦਿ ਅਤੇ ਅਤੁੱਟ ਕਮਾਈ ਸਦਕਾ ਦਸਮ ਦੁਆਰ ਦੀ ਖੇਡ ਵਰਤ ਜਾਂਦੀ ਸੀ, ਭਾਈ ਸਾਹਿਬ ਉਨ੍ਹਾਂ ਪਾਸੋਂ ਕੀਰਤਨ ਸਰਵਣ ਕਰਕੇ ਬੜੇ ਪ੍ਰਸੰਨ ਹੁੰਦੇ ਸਨ।

ਆਪ ਦੇ ਕੀਰਤਨ ਦੀ ਵੱਡੀ ਵਿਸ਼ੇਸ਼ਤਾ ਹੀ ਇਹ ਸੀ ਕਿ ਗੁਰਬਾਣੀ ਨੂੰ ਰਸਕ ਰਸਕ, ਰਸਾਅ ਰਸਾਅ ਕੇ, ਪ੍ਰੇਮ ਨਾਲ ਗਾਇਨ ਕਰੀ ਜਾਣਾ। ਅੱਜ ਕੱਲ ਦੇ ਨਵੇਂ ਨਵੇਂ ਕੀਰਤਨੀਆਂ ਨੇ ਭਾਈ ਸਾਹਿਬ ਨੂੰ ਨਾਂ ਤਾਂ ਕੀਰਤਨ ਕਰਦਿਆਂ ਵੇਖਿਆ ਅਤੇ ਨਾਂ ਹੀ ਉਹਨਾਂ ਦੀਆਂ ਕੀਰਤਨ ਟੇਪਾਂ ਹਨ ਜਿਸ ਕਰਕੇ ਉਪਰੋਕਤ ਵਿਸਮਾਦੀ ਕੀਰਤਨ ਤੋਂ ਉਹ ਵਿਰਵੇ ਰਹਿ ਗਏ ਹਨ। ਵੈਰਾਗਮਈ ਸ਼ਬਦ ਜਾਂ ਖੁਸ਼ੀ ਦੇ ਸ਼ਬਦਾਂ ਨੂੰ ਬਹੁਤੇ ਕੀਰਤਨੀਏ ਫਿਲਮੀ ਟਿਊਨਾਂ ਤੇ ਚਲਾ ਲੈਂਦੇ ਹਨ। ਕੀਰਤਨ ਕਰਨਾ ਭੀ ਇੱਕ ਅਗੰਮੀ ਬਖਸ਼ਿਸ਼ ਹੈ, ਆਰਟ ਨਹੀਂ, ਨਾਂ ਹੀ ਸੁਰਾਂ ਦੀ ਮੁਹਾਰਤ।

ਭਾਈ ਸਾਹਿਬ ਆਪ ਖੁਦ ਜਾਂ ਉਹਨਾਂ ਦੇ ਸੰਗੀ ਸਾਥੀ ਕੀਰਤਨ ਵਿੱਚ ਗੁਰਮੰਤਰ ਦੀ ਧੁਨੀ ਨਹੀਂ ਸੀ ਲਾਉਂਦੇ ਹੁੰਦੇ। ਕਿਤੇ ਕਿਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ 'ਗੁਰੂ ਗੁਰੂ' ਦਾ ਆਵਾਜ਼ਾ ਆਉਂਦਾ ਹੁੰਦਾ ਪਰ ਉਹ ਕੀਰਤਨ ਨੂੰ ਅਖੰਡ ਰੱਖਦੇ ਸਨ। ਅਜੇ 30-35 ਸਾਲ ਉਨ੍ਹਾਂ ਨੂੰ ਸਮਾਏ ਹੋਏ ਹੀ ਹੋਏ ਹਨ ਕਿ ਉਹਨਾਂ ਦੀ ਦਰਸਾਈ ਕੀਰਤਨ ਸ਼ੈਲੀ ਦਾ ਰੂਪ ਹੀ ਬਦਲ ਗਿਆ ਹੈ। ਨਵੇਂ ਨਵੇਂ ਲੱਗੇ ਕੀਰਤਨੀਏ ਇਹ ਸਮਝੀ ਬੈਠੇ ਹਨ ਕਿ ਕੀਰਤਨ ਭਾਵੇਂ ਅਖੰਡ ਹੋਵੇ ਜਾਂ ਨਾ, ਪਰ ਗੁਰਮੰਤਰ ਦਾ ਸੰਗਤੀ ਅਭਿਆਸ ਅਖੰਡ ਰੱਖਿਆ ਜਾਏ। ਜੇ ਉਹਨਾਂ 30 ਮਿੰਟ ਕੀਰਤਨ ਕਰਨਾ ਹੈ ਤਾਂ ਉਹ ਘੱਟੋ ਘੱਟ ਅੱਧਾ ਸਮਾਂ 'ਵਾਹਿਗੁਰੂ ਵਾਹਿਗੁਰੂ' ਤੇ ਹੀ ਲਗਾ ਦਿੰਦੇ ਹਨ। ਇਉਂ ਨਾਂ ਤਾਂ ਇਹ ਅਖੰਡ ਕੀਰਤਨ ਹੀ ਰਹਿੰਦਾ ਹੈ ਅਤੇ ਨਾਂ ਹੀ ਅਖੰਡ ਅਭਿਆਸ। ਖਿਆਲ



www.AKJ.Org

ਤਰ੍ਹਾਂ ਭਾਈ ਸਾਹਿਬ ਨਿਰੋਲ ਗੁਰਬਾਣੀ ਦਾ ਕੀਰਤਨ ਹੀ ਕਰਦੇ ਹੁੰਦੇ ਸਨ। ਸੰਗਤੀ ਅਭਿਆਸ ਦਾ ਰਿਵਾਜ਼ ਤਾਂ 1960 ਤੋਂ ਬਾਅਦ ਹੀ ਆਰੰਭ ਹੋਇਆ। ਸੰਗਤੀ ਅਭਿਆਸ ਵਾਲੇ ਕੀਰਤਨ ਦਾ ਰਿਵਾਜ਼ ਸਗੋਂ ਅੱਗੇ ਨਾਲੋਂ ਜ਼ੋਰਾਂ ਤੇ ਹੈ। ਡਰ ਹੈ ਕਿਤੇ ਆਉਣ ਵਾਲੇ ਸਮੇਂ ਵਿਚ ਜੱਥੇ ਦਾ ਨਾਉਂ ਹੀ ਬਦਲ ਕੇ 'ਸੰਗਤੀ ਅਖੰਡ ਅਭਿਆਸੀ ਜੱਥਾ' ਹੀ ਨਾ ਪੈ ਜਾਏ। ਅਭਿਆਸ ਤਾਂ ਅੰਮ੍ਰਿਤ ਵੇਲੇ ਗੁਪਤ ਹੀ ਕਰਨਾ ਚਾਹੀਦਾ ਹੈ, ਕੀਰਤਨ ਅਖਾੜੇ ਵਿੱਚ ਤਾਂ ਨਿਰੋਲ ਕੀਰਤਨ ਹੀ ਸ਼ੋਭਦਾ ਹੈ।

ਭਾਈ ਸਾਹਿਬ ਦੀ ਸ਼ੈਲੀ ਤੋਂ ਹੱਟ ਕੇ ਭਾ: ਮੁਹਿੰਦਰ ਸਿੰਘ (ਐਸ. ਡੀ. ਓ.) ਨੇ ਕੀਰਤਨ ਦੀ ਇੱਕ ਨਵੀਂ ਸ਼ੈਲੀ ਦਾ ਵਿਕਾਸ ਕੀਤਾ। ਜਿਸ ਨੂੰ 'ਪ੍ਰਕਰਣ ਕੀਰਤਨ' ਕਿਹਾ ਜਾ ਸਕਦਾ ਹੈ। ਜੇ ਮਰਨੇ ਦੇ ਭੋਗ ਤੇ ਉਹ ਕੀਰਤਨ ਕਰਦੇ ਤਾਂ ਇੱਕ ਸ਼ਬਦ ਆਰੰਭ ਕਰਦੇ ਫਿਰ ਉਹ ਵਿਚੇ ਛੱਡ ਕੇ ਉਸੇ ਪ੍ਰਕਰਣ ਦੇ ਅਨੇਕਾਂ ਪ੍ਰਮਾਣ ਵੰਨ-ਸੁ-ਵੰਨੀਆਂ ਤਰਜਾਂ ਦੇ ਗੁਲਦਸਤਿਆਂ ਨਾਲ ਸਜਾ ਦਿੰਦੇ। ਵਿਚੇ ਹੀ ਗੁਰਮੰਤਰ ਦੀ ਧੁਨੀ ਲੱਗ ਜਾਂਦੀ ਅਤੇ ਕਿਤੇ ਕਿਤੇ ਵਿਆਖਿਆ ਵੀ ਕਰ ਜਾਂਦੇ। ਭਾ: ਗੁਰਦਾਸ ਦੀਆਂ ਵਾਰਾਂ ਦਾ ਕੀਰਤਨ ਭੀ ਉਹ ਕਈ ਕਈ ਘੰਟੇ ਕਰੀ ਜਾਂਦੇ। ਕਈ ਵਾਰ ਸੋਚੀਦਾ ਸੀ ਕਿ ਭਾਈ ਗੁਰਦਾਸ ਦੀਆਂ ਵਾਰਾਂ ਦਾ ਕੀਰਤਨ ਗੁਰਬਾਣੀ ਦੇ ਬਰਾਬਰ ਹੋ ਸਕਦਾ ਹੈ ? ਵਾਰਾਂ ਤਾਂ ਗੁਰਬਾਣੀ ਦੇ ਗੁਹਜ ਅਰਥਾਂ ਨੂੰ ਸਪੱਸ਼ਟ ਕਰਨ ਲਈ ਹਨ ਪਰ ਇਹ ਰਿਵਾਜ ਜਿਉਂ ਚੱਲਿਆ ਕਾਫੀ ਚਿਰ ਚੱਲਦਾ ਰਿਹਾ। ਹੁਣ ਭੀ ਕਈ ਵੀਰ ਭਾ: ਮੁਹਿੰਦਰ ਸਿੰਘ ਦੇ ਕੀਰਤਨ ਸਟਾਈਲ ਦੀ ਹੂ-ਬ-ਹੂ ਨਕਲ ਕਰਦੇ ਹਨ ਪਰ ਅਜਿਹੇ ਕੀਰਤਨ ਵਿੱਚ ਬੁੱਧੀ ਤਾਂ ਵਰਚੀ ਰਹਿੰਦੀ ਹੈ ਪਰ ਲਿਵ ਨਹੀਂ ਜੁੜਦੀ। ਇੱਕ ਪ੍ਰਕਰਣ ਤੋਂ ਦੂਜੇ ਪ੍ਰਕਰਣ ਵਿੱਚ ਬਦਲਣ ਨਾਲ ਸਾਰਾ ਸੰਦਰਭ ਹੀ ਬਦਲ ਜਾਂਦਾ ਹੈ। ਗੁਰਬਾਣੀ ਦੇ ਡੂੰਘੇ ਅਧਿਐਨ ਤੋਂ ਬਿਨਾਂ ਐਸੇ ਕੀਰਤਨ ਵਿੱਚ ਬੇ-ਰਸੀ ਹੋਣ ਦੀ ਬਹੁਤ ਸੰਭਾਵਨਾ ਹੈ।

ਅੰਤ ਵਿੱਚ ਭਾਈ ਸਾਹਿਬ ਦੀ ਸ਼ੈਲੀ ਨੂੰ ਜੇਕਰ ਸਹੀ ਰੂਪ ਵਿੱਚ ਪਕੜਨਾ ਹੈ ਤਾਂ ਗੁਰਬਾਣੀ ਨੂੰ ਬੜੇ ਪ੍ਰੇਮ ਨਾਲ ਰਸਾਅ ਰਸਾਅ ਕੇ ਪੜ੍ਹਨਾ ਚਾਹੀਦਾ ਹੈ। ਪਹਿਲਾਂ ਆਪ ਗੁਰਚਰਨਾਂ ਨਾਲ ਜੁੜਨਾ ਚਾਹੀਦਾ ਹੈ। ਸੰਗਤ ਵਿੱਚ ਅਨੇਕਾਂ ਪ੍ਰਾਣੀ ਐਸੇ ਹੁੰਦੇ ਹਨ ਜੋ ਕੀਰਤਨ-ਰਸ ਦੇ ਭੌਰੇ ਹੁੰਦੇ ਹਨ। ਅਕਲਾਂ ਅਤੇ ਸਿਆਣਪਾਂ ਵਾਲੇ ਕੀਰਤਨ ਤੋਂ ਸੰਕੋਚ ਕਰਨਾ ਚਾਹੀਦਾ ਹੈ। ਇਸ ਕੀਰਤਨ ਅਖਾੜੇ ਦਾ ਧੁਰਾ ਹੈ ਪ੍ਰੇਮਾ ਭਗਤੀ। ਜੋ ਆਪਣੀ ਵਿਦਵਤਾ ਛਾਂਟਣ ਲਈ ਇਸ ਪ੍ਰੇਮ ਅਖਾੜੇ ਵਿੱਚ ਆਏ, ਉਹ ਇਥੋਂ ਖਾਲੀ ਹੱਥ ਚਲੇ ਗਏ। ਰਸਕ ਰਸਕ ਗੁਣ ਗਾਉਣਾ ਹੀ ਥਾਏਂ ਪੈਂਦਾ ਹੈ।

*****

(ਪੰਨਾ ੩੭ ਦਾ ਬਾਕੀ..........)

ਪੈਦਾ ਕਰਕੇ ਉਨ੍ਹਾਂ ਨੂੰ ਉਸੇ ਰਸਤੇ ਤੋਰਨਾ ਚਾਹੁੰਦੇ ਸਨ ਜਿਸ ਰਸਤੇ ਉੱਤੇ ਪਹਿਲੇ ਗੁਰੂ ਤੋਰਦੇ ਆਏ ਸਨ। ਇਸੇ ਆਸ਼ੇ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਮਸੰਦਾਂ ਰਾਹੀਂ ਪ੍ਰਚਾਰ ਦਾ ਸਿਲਸਿਲਾ ਜਾਰੀ ਰੱਖਿਆ, ਪਰ ਜਦੋਂ ਗੁਰੂ ਸਾਹਿਬ ਦੇ ਨੋਟਿਸ ਵਿੱਚ ਆਇਆ ਕਿ ਕਈ ਮਸੰਦ ਦਸਵੰਧ ਦੀ ਰਕਮ ਵਿਚੋਂ ਗਮਨ ਕਰਨ ਲੱਗ ਪਏ ਹਨ ਤੇ ਉਨ੍ਹਾਂ ਵਿੱਚ ਅਨੇਕਾਂ ਮਾਨਸਿਕ ਤੇ ਆਤਮਿਕ ਕਮਜ਼ੋਰੀਆਂ ਵੀ ਆ ਗਈਆਂ ਹਨ ਤਾਂ ਉਨ੍ਹਾਂ ਨੇ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਸ਼ੁਰੂ ਕਰ ਦਿੱਤਾ।

ਇੱਕ ਦਿਨ ਅਨੰਦਪੁਰ ਵਿੱਚ ਕੁੱਝ ਭੰਡ ਆਏ ਤੇ ਉਨ੍ਹਾਂ ਨੇ ਭਰੇ ਦੀਵਾਨ ਵਿੱਚ ਗੁਰੂ ਜੀ ਦੇ ਸਾਹਮਣੇ ਮਸੰਦਾਂ ਦੀ ਨਕਲ ਲਾਈ। ਉਨ੍ਹਾਂ ਨੇ ਬੜਾ ਭਿਆਨਕ ਨਕਸ਼ਾ ਖਿੱਚਿਆ। ਸ਼ਰਾਬ ਸੇਵਨ, ਵੇਸ਼ਵਾ ਗਮਨ, ਸਿੱਖਾਂ ਨੂੰ ਗਾਲ੍ਹ ਮੰਦਾ ਤੇ ਸਰਾਪ ਆਦਿ ਦੇ ਡਰਾਵੇ ਕੁੱਝ ਅਜਿਹੇ ਦ੍ਰਿਸ਼ ਸਨ, ਜੋ ਗੁਰੂ ਸਾਹਿਬ ਵੇਖ ਕੇ ਸਹਿਨ ਨਾ ਕਰ ਸਕੇ। ਇਹ ਜ਼ਿਕਰ ਇੱਕ ਵੈਸਾਖ ਸੰਮਤ 1758 (ਸੰਨ 1701) ਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਇਸ ਤੋਂ ਪਹਿਲੇ ਖਾਲਸਾ ਸਾਜ ਚੁੱਕੇ ਸਨ ਤੇ ਕੌਮ ਹੁਣ ਪੱਕੇ ਤੌਰ ਤੇ ਆਪਣੇ ਪੈਰਾਂ ਉੱਤੇ ਖਲੋ ਚੁੱਕੀ ਸੀ। ਸੋ ਗੁਰੂ ਸਾਹਿਬ ਨੇ ਮਸੰਦ ਪ੍ਰਥਾ ਖਤਮ ਕਰਨ ਦਾ ਫੈਸਲਾ ਕਰ ਲਿਆ ਤੇ ਸਾਰੀ ਸੰਗਤ ਨੂੰ ਦੱਸ ਦਿੱਤਾ ਕਿ ਅੱਗੇ ਤੋਂ ਮਸੰਦਾਂ ਦੀਆਂ ਗੱਦੀਆਂ ਖਤਮ ਕਰ ਦਿੱਤੀਆਂ ਗਈਆਂ ਹਨ, ਸਿੱਖਾਂ ਦਾ ਸਿਧਾ ਸਬੰਧ ਗੁਰੂ ਨਾਲ ਹੋਵੇਗਾ, ਕਿਸੇ ਵਿਚੋਲੇ ਦੀ ਲੋੜ ਹੁਣ ਨਹੀਂ ਰਹੀ।

*****



www.AKJ.Org

## ਅਪੀਲ

ਲੁਧਿਆਣਾ ਵਿਖੇ ਅਖੰਡ ਕੀਰਤਨੀ ਜੱਥੇ ਦੇ ਕੀਰਤਨ ਸਮਾਗਮਾਂ ਵਿੱਚ ਸੰਗਤਾਂ ਨੂੰ ਲਿਜਾਣ ਤੇ ਲਿਆਉਣ ਲਈ ਪਿਛਲੇ ਕਾਫੀ ਸਮੇਂ ਤੋਂ ਮੋਟਰ-ਗੱਡੀ ਦਾ ਪ੍ਰਬੰਧ ਨਾ ਹੋਣ ਕਾਰਨ ਕਾਫੀ ਮੁਸ਼ਕਲ ਪੇਸ਼ ਆ ਰਹੀ ਸੀ। ਸੰਗਤਾਂ ਦੇ ਸੁਝਾਅ ਅਨੁਸਾਰ ਇਸ ਮੁਸ਼ਕਲ ਨੂੰ ਹੱਲ ਕਰਨ ਵਾਸਤੇ 'ਟ੍ਰਾਂਸਪੋਰਟ ਫੰਡ' ਕਾਇਮ ਕੀਤਾ ਗਿਆ ਹੈ। ਸਰਬੱਤ ਗੁਰੂ ਪਿਆਰਿਆਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਇਸ ਫੰਡ ਵਿੱਚ ਵੱਧ ਤੋਂ ਵੱਧ ਮਾਇਆ ਜਮ੍ਹਾਂ ਕਰਵਾ ਕੇ ਗੁਰਮਤਿ ਪ੍ਰਚਾਰ ਵਿੱਚ ਆਪਣਾ ਹਿੱਸਾ ਪਾਉਣ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ।

ਮਾਇਆ ਹੇਠ ਲਿਖੇ ਪਤੇ ਤੇ ਭੇਜੀ ਜਾਵੇ ਜਾਂ 'ਸੂਰਾ' ਦੇ ਕਿਸੇ ਵੀ ਸਟਾਲ ਤੇ ਜਮ੍ਹਾਂ ਕਰਵਾ ਕੇ ਰਸੀਦ ਲਈ ਜਾਵੇ :-

ਸੰਪਾਦਕ 'ਸੂਰਾ' ਮਾਸਿਕ ਪੱਤਰ,
ਸਬ-ਆਫਿਸ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,
ਡਾਕ ਘਰ ਮਾਡਲ ਟਾਊਨ, ਲੁਧਿਆਣਾ-੨

ਚੈੱਕ, ਬੈਂਕ ਡਰਾਫਟ ਆਦਿ 'ਟ੍ਰਾਂਸਪੋਰਟ ਫੰਡ, ਅਖੰਡ ਕੀਰਤਨੀ ਜੱਥਾ, ਲੁਧਿਆਣਾ' ਦੇ ਨਾਮ ਤੇ ਕੱਟੇ ਜਾਣ ਜੀ।

ਦਾਸਰੇ, ਅਖੰਡ ਕੀਰਤਨੀ ਜੱਥਾ, ਲੁਧਿਆਣਾ।

## ਗੁਰਮਤਿ ਪ੍ਰਚਾਰ ਲਈ ਕੀਰਤਨੀਏ ਵੀਰਾਂ ਭੈਣਾਂ ਤੇ ਪ੍ਰਬੰਧਕਾਂ ਨੂੰ ਜੋਦੜੀ

ਵੈਸਾਖੀ ੧੯੯੯ ਤੱਕ "ਸਮੁੱਚੀ ਸਿੱਖ ਕੌਮ ਅੰਮ੍ਰਿਤਧਾਰੀ" ਦੇ ਪ੍ਰਸਤਾਵਿਤ ਨਿਸ਼ਾਨੇ ਨੂੰ ਮੁੱਖ ਰੱਖ ਕੇ ਸਮੂਹ ਗੁਰੂ ਪਿਆਰਿਆਂ, ਕੀਰਤਨੀਆਂ, ਪ੍ਰਚਾਰਕਾਂ ਤੇ ਪ੍ਰਬੰਧਕਾਂ ਦੇ ਚਰਨਾਂ ਵਿੱਚ ਜੋਦੜੀ ਹੈ ਕਿ ਪੈਂਡੂ ਇਲਾਕਿਆਂ ਵਿੱਚ, ਜੋ ਗੁਰਮਤਿ ਪ੍ਰਚਾਰ ਵਲੋਂ ਬਹੁਤ ਪਛੜੇ ਹੋਏ ਹਨ, ਵੱਧ ਤੋਂ ਵੱਧ ਗੁਰਮਤਿ ਪ੍ਰਚਾਰ, ਅੰਮ੍ਰਿਤ ਸੰਚਾਰ ਅਤੇ ਕੀਰਤਨ ਸਮਾਗਮ ਕੀਤੇ ਜਾਣ ਤਾਂ ਜੋ ਗੁਰ-ਉਪਦੇਸ਼ ਘਰ ਘਰ ਪਹੁੰਚਾਇਆ ਜਾ ਸਕੇ ਅਤੇ ਲੋਕੀਂ ਅੰਮ੍ਰਿਤਧਾਰੀ ਹੋ ਕੇ, ਗੁਰੂ ਵਾਲੇ ਬਣ ਕੇ ਗੁਰਮਤਿ ਗਾਡੀ ਰਾਹ ਤੇ ਚਲਦਿਆਂ ਲੋਕ ਸੁਖੀਏ ਤੇ ਪ੍ਰਲੋਕ ਸੁਹੇਲੇ ਬਣ ਸਕਣ।

ਦਾਸਨ ਦਾਸ, ਜੀਵਨ ਸਿੰਘ, ਅਮਰੀਕਾ।

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿੱਠੀਆਂ | 60-00 | ਗੁਰਮਤਿ ਲੇਖ | 20-00 |
| ਗੁਰਮਤਿ ਵਿਚਾਰ | 20-00 | ਗੁਰਮਤਿ ਨਾਮ ਅਭਿਆਸ ਕਮਾਈ | 20-00 |
| ਨਾਮ ਤੇ ਨਾਮ ਦਾ ਦਾਤਾ | 20-00 | ਚਰਨ ਕਮਲ ਕੀ ਮਉਜ | 12-00 |
| ਸੰਤ ਪਦ ਨਿਰਣੇ | 16-00 | ਗੁਰਮਤਿ ਗੌਰਵਤਾ | 55-00 |
| ਦਰਸ਼ਨ ਝਲਕਾਂ | 12-00 | ਗੁਰਮਤਿ ਸੱਚ ਨਿਰਣੈ | 15-00 |
| ਰੰਗਲੇ ਸੱਜਣ | 20-00 | ਅਨਹਦ ਸ਼ਬਦ ਦਸਮ ਦੁਆਰ | 15-00 |
| ਸਚਖੰਡ ਦਰਸ਼ਨ | 7-50 | ਝਟਕਾ ਮਾਸ ਪ੍ਰਥਾਇ ਨਿਰਣੈ | 12-00 |
| ਗੁਰਮਤਿ ਪ੍ਰਕਾਸ਼ | 15-00 | ਅਣਡਿੱਠੀ ਦੁਨੀਆਂ | 25-00 |
| ਗੁਰਮਤਿ ਬਿਬੇਕ | 20-00 | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁੱਤ ਪ੍ਰਸਤੀ ਹੈ ? | 12-00 |

## ---- ਰਿਸ਼ਤੇ ਨਾਤੇ ----

ਨੋਟ :- (੧) ਕੇਵਲ ਸ਼ਾਕਾਹਾਰੀ, ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ। (੨) ਕੇਵਲ ਕੇਸਕੀਧਾਰੀ ਬੀਬੀਆ ਵਾਸਤੇ ਹੀ ਲਿਖੋ ਜੀ। (੩) ਇਸ ਕਾਲਮ ਵਿੱਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਵਿਸਥਾਰ ਸਹਿਤ ਪੂਰਾ ਵੇਰਵਾ ਲਿਖ ਕੇ 'ਸੂਰਾ' ਦਫਤਰ ਭੇਜੋ ਜੀ। (੪) ਕਿਸੇ ਇਸ਼ਤਿਹਾਰ ਦੇ ਜਵਾਬੀ ਪੱਤਰ ਨਾਲ ਇੱਕ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫ਼ਾ ਬਿਨਾਂ ਕਿਸੇ ਪਤੇ ਲਿਖੇ ਤੇ ਜ਼ਰੂਰ ਭੇਜੋ ਜੀ।

LD-84 ੨੦ ਸਾਲਾ, ਕੱਦ ੫' ੧", ਅੱਖਾਂ ਦੀ ਰੋਸ਼ਨੀ ਘੱਟ (ਰਾਤ ਨੂੰ ਨਹੀਂ ਦੇਖ ਸਕਦੀ) ਵਾਲੀ ਬੀਬੀ ਲਈ ਵਰ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਭਾਈ ਬੁੜ ਸਿੰਘ, ਸਮਰਾਲਾ | ੧੦੦/- | ਭਾਈ ਮੋਹਨ ਸਿੰਘ, ਬਰੇਲੀ | ੧੫੧/- |
| ਭਾਈ ਗੁਰਚਰਨ ਸਿੰਘ, ਵਾਰਾਨਸੀ | ੩੪੦/- | ਭਾਈ ਇੰਦਰ ਸਿੰਘ | ੫੦/- |
| ਭਾਈ ਸੁਰਜੀਤ ਸਿੰਘ, ਲੁਧਿਆਣਾ | ੧੦੧/- | ਗੁਪਤ | ੫੦੦/- |
| ਭਾਈ ਚਰਨਜੀਤ ਸਿੰਘ, ਲੁਧਿਆਣਾ | ੧੦੦੦/- | ਭਾਈ ਰਿਪੁਦਮਨ ਸਿੰਘ ਮਲਿਕ | ੫੦੦੦/- |

www.AKJ.Org

## ਸੋਧ

1. ਪੰਨਾ ੧੫ ਅਤੇ ੧੯ ਲੜੀ ਜੋੜਨ ਲਈ ਦੇਖੋ 'ਸੂਰਾ' ਅਪ੍ਰੈਲ, ੯੬ ਦੀ ਥਾਂ ਮਈ, ੯੬
2. ਪੰਨਾ ੧੯ ਦੇ ਸਿਰਲੇਖ ਅੰਦਰ 'ਪਭ' ਅਤੇ ਗੁਰਬਾਣੀ ਦੀਆਂ ਤੁਕਾਂ ਅੰਦਰ 'ਪ੍ਰਭੂ' ਸ਼ਬਦ ਨੂੰ 'ਪ੍ਰਭ'
3. ਪੰਨਾ ੩ ਤੇ 'ਸੁਨਿ ਵਾਜੇ' ਦੀ ਥਾਂ 'ਧੁਨਿ ਵਾਜੇ' ਪੜ੍ਹਿਆ ਜਾਏ ਜੀ।

---

**ਮਾਸਿਕ ਰੈਣਿ ਸਬਾਈ ਕੀਰਤਨ ਗੁ: ਖੂਹੀਸਰ, ਕੋਟ ਮੰਗਲ ਸਿੰਘ, (ਪਿੱਛੇ A.T.I., ਗਿੱਲ ਰੋਡ) ਵਿਖੇ 13 ਜੁਲਾਈ ਰਾਤ ਨੂੰ।**

---

ਗੁ: ਸ੍ਰੀ ਗੁਰੂ ਸਿੰਘ ਸਭਾ **Propect Street, Huddersfield, Midland (U. K.)** ਵਿਖੇ ਰੈਣਿ ਸਬਾਈ ਕੀਰਤਨ 13-7-96 ਸ਼ਾਮ ਨੂੰ ਆਰੰਭ ਹੋਣਗੇ।

---

**ਗੁਰਦੁਆਰਾ ਰਾਜਾ ਰਾਮ, ਹਰਚੋਵਾਲ ,ਗੁਰਦਾਸਪੁਰ ਵਿਖੇ ਰੈਣਿ ਸਬਾਈ ਕੀਰਤਨ**
25-7-96 ਨੂੰ ਸ੍ਰੀ ਅਖੰਡ ਪਾਠ ਆਰੰਭ, 27-7-96 ਭੋਗ ਉਪਰੰਤ ਦੁਪਹਿਰ ਤੱਕ ਕੀਰਤਨ। ਸ਼ਾਮ 8 ਵਜੇ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ। ਨੋਟ:- ਸ਼ਾਮ ਨੂੰ 6.30 ਵਜੇ ਸ਼ਾਸ਼ਤਰੀ ਨਗਰ, ਸਿੰਬਲ ਚੌਂਕ, ਬਟਾਲਾ ਤੋਂ ਬੱਸ ਚੱਲੇਗੀ।

---

ਗੁ: ਸ੍ਰੀ ਗੁਰੂ ਸਿੰਘ ਸਭਾ, **100 North Street, Barking, Essex, (U.K.)** ਵਿਖੇ ਰੈਣਿ ਸਬਾਈ ਕੀਰਤਨ 3-8-96 ਸ਼ਾਮ ਨੂੰ 7.00 ਵਜੇ ਆਰੰਭ ਹੋਣਗੇ। 4-8-96 ਸਵੇਰੇ 4.00 ਵਜੇ ਭੋਗ ਉਪਰੰਤ ਅਨੰਦ ਕਾਰਜ ਆਰੰਭ। ਭੋਗ 6.00 ਵਜੇ ਪਾਏ ਜਾਣਗੇ।

---

**ਪਿੰਡ ਬੁੱਢੇਵਾਲ (ਖੰਡ ਮਿੱਲ ਵਿਖੇ) ਰੈਣਿ ਸਬਾਈ ਕੀਰਤਨ 11 ਅਗਸਤ ਰਾਤ ਨੂੰ।**

---

**ਅੰਬਾਲਾ ਛਾਉਣੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ**

| | |
|---|---|
| 12-8-96 ਸਵੇਰੇ 7.00 ਵਜੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ | ਗੁ: ਗੋਬਿੰਦ ਨਗਰ, ਅੰਬਾਲਾ ਛਾਉਣੀ। |
| ਸ਼ਾਮ ਨੂੰ 7.00 ਤੋਂ 9.30 ਸੋਦਰੁ ਚੌਂਕੀ ਤੇ ਸ਼ਬਦ ਕੀਰਤਨ | ਗੁ: ਗੋਬਿੰਦ ਨਗਰ, ਜੰਝ ਘਰ ਵਿਖੇ। |
| 13-8-96 ਸ਼ਾਮ ਨੂੰ 7.00 ਤੋਂ 9.30 ਸੋਦਰੁ ਚੌਂਕੀ ਤੇ ਸ਼ਬਦ ਕੀਰਤਨ | ਗੁ: ਗੋਬਿੰਦ ਨਗਰ, ਜੰਝ ਘਰ ਵਿਖੇ। |
| 14-8-96 ਸਵੇਰੇ ਭੋਗ ਸ੍ਰੀ ਅਖੰਡ ਪਾਠ, ਕੀਰਤਨ ਦੁਪਹਿਰ 12 ਵਜੇ ਤੱਕ | ਗੁ: ਗੋਬਿੰਦ ਨਗਰ, ਅੰਬਾਲਾ ਛਾਉਣੀ। |
| 14-8-96 ਕੀਰਤਨ ਰੈਣਿ ਸਬਾਈ ਤੇ ਅੰਮ੍ਰਿਤ ਸੰਚਾਰ ਸ਼ਾਮ ਨੂੰ 7 ਵਜੇ ਅਰੰਭ | ਗੁ: ਗੋਬਿੰਦ ਨਗਰ, ਅੰਬਾਲਾ ਛਾਉਣੀ। |
| 15-8-96 ਸਮਾਪਤੀ ਸਵੇਰੇ 6.00 ਵਜੇ। | |

1. ਰਿਹਾਇਸ਼ ਤੇ ਲੰਗਰ ਦਾ ਸਾਰਾ ਪ੍ਰਬੰਧ ਗੁ: ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਹੋਵੇਗਾ।

ਪ੍ਰਾਰਥਕ: ਅਖੰਡ ਕੀਰਤਨੀ ਜੱਥਾ, ਅੰਬਾਲਾ ਛਾਉਣ

---

ਗੁ: ਸ੍ਰੀ ਗੁਰੂ ਨਾਨਕ ਦੇਵ ਜੀ, **High Street, Smethwick, Birmingham (U.K.)** ਵਿਖੇ ਰੈਣਿ ਸਬਾਈ ਕੀਰਤਨ 12-9-96 ਅਰੰਭ ਸ੍ਰੀ ਅਖੰਡ ਪਾਠ ਸਾਹਿਬ 14-9-96 ਭੋਗ, ਸੋਦਰੁ ਉਪਰੰਤ ਰਾਤ 7.00 ਵਜੇ ਰੈਣਿ ਸਬਾਈ ਕੀਰਤਨ ਆਰੰਭ ਹੋਣਗੇ। ਵਧੇਰੇ ਜਾਣਕਾਰੀ ਲਈ :- ਭਾਈ ਜੋਗਾ ਸਿੰਘ ਜੀ ਅਤੇ ਭਾਈ ਮੁਹਿੰਦਰ ਸਿੰਘ ਜੀ Tel: 01215801898(Res.) 01215589247 (Res.)

---

ਗੁ: ਸ੍ਰੀ ਗੁਰੂ ਸਿੰਘ ਸਭਾ, **47-49 Cross Rd. Coventry, Midlands. (U.K.)** ਵਿਖੇ ਰੈਣਿ ਸਬਾਈ ਕੀਰਤਨ। 28-11-96 ਆਰੰਭ ਸ੍ਰੀ ਅਖੰਡ ਪਾਠ ਸਾਹਿਬ। 30-11-96 ਭੋਗ ਸਵੇਰੇ ਅਤੇ ਸ਼ਾਮ ਨੂੰ ਆਰੰਭ ਰੈਣਿ ਸਬਾਈ ਕੀਰਤਨ ਸੋਦਰੁ ਉਪਰੰਤ। 6.00 ਵਜੇ ਸਵੇਰੇ ਭੋਗ ਪਾਏ ਜਾਣਗੇ।

---

**ਜ਼ਰੂਰੀ ਸੂਚਨਾ**

ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ 'ਸੂਰਾ' ਦਾ ਸਬ-ਆਫਿਸ (ਡਾਕਖਾਨੇ ਦੇ ਸਾਹਮਣੇ) ਖੋਲ੍ਹਿਆ ਗਿਆ ਹੈ। ਹਰ ਪ੍ਰਕਾਰ ਦਾ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਹੀ ਭੇਜਿਆ ਜਾਇਆ ਕਰੇ ਜੀ - ਸੂਰਾ ਮਾਸਿਕ ਪੱਤਰ,

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਡਾਕਖਾਨਾ, ਮਾਡਲ ਟਾਊਨ, ਲੁਧਿਆਣਾ (ਪੰਜਾਬ)-141002

---

**ਅਖੰਡ ਕੀਰਤਨੀ ਜੱਥਾ, ਲੁਧਿਆਣਾ ਵੱਲੋਂ ਪਿੰਡਾਂ ਵਿੱਚ ਗੁਰਮਤਿ ਪ੍ਰਚਾਰ ਲਈ ਕੀਰਤਨ ਸਮਾਗਮ**

ਅਖੰਡ ਕੀਰਤਨੀ ਜੱਥਾ ਲੁਧਿਆਣਾ ਵਲੋਂ ਪਿੰਡਾਂ ਵਿੱਚ ਗੁਰਮਤਿ ਪ੍ਰਚਾਰ ਦੀ ਮੁਹਿੰਮ ਤਹਿਤ ਪਹਿਲਾ ਕੀਰਤਨ ਸਮਾਗਮ ੨੮ ਜੁਲਾਈ, ੧੯੯੬ ਦਿਨ ਐਤਵਾਰ ਨੂੰ ਗੁ: ਸਾਹਿਬ ਪਿੰਡ ਝਾਂਡੇ ਵਿਖੇ ਸਵੇਰੇ ੬.੦੦ ਵਜੇ ਤੋਂ ੧੨.੦੦ ਵਜੇ ਤੱਕ ਹੋਣਗੇ। ਨੇੜੇ ਤੇੜੇ ਦੇ ਸਾਰੇ ਪਿੰਡਾਂ ਦੀਆਂ ਸੰਗਤਾਂ ਪ੍ਰਤੀ ਜੋਦੜੀ ਹੈ ਕਿ ਉਸ ਦਿਨ ਵੱਧ ਤੋਂ ਵੱਧ ਸੰਗਤਾਂ ਕੀਰਤਨ ਸਮਾਗਮ ਦੀਆਂ ਹਾਜ਼ਰੀਆਂ ਭਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਦਾਸਰੇ, ਅਖੰਡ ਕੀਰਤਨੀ ਜੱਥਾ, ਲੁਧਿਆਣਾ।

SURA (Monthly) KOTHI No. 12, BLOCK-I, BHAI RANDHIR SINGH NAGAR, LUDHIANA-141004

www.AKJ.Org